ਜਨਵਰੀ/ Jan. 2023
ਸਾਲ/ Year 06
ਅੰਕ/ Edition 10
ਕੁੱਲ ਸਫੇ/ Total Page 20
--------------------------------
Anual Subcription: 500/-
--------------------------------
Regd Office:
1195, Ajit Nagar Moga
Pin: 142 001 (Punjab) INDIA

Estd. 2000

International
ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ

# ਮਹਿਕ ਵਤਨ ਦੀ

'Mehak Watan Di Live' ● ਲਾਈਵ

ਮੁੱਖ ਸੰਪਾਦਕ: ਭਵਨਦੀਪ ਸਿੰਘ ਪੁਰਬਾ * ਉਪ ਮੁੱਖ ਸੰਪਾਦਕ (ਆਨਰੇਰੀ): ਭਾਗਵੰਤੀ ਪੁਰਬਾ

Regd No. PUNPN 04016 * Helpline: 9988-92-9988 E-mail: mehakwattandi@rediffmail.com www.mehakwatandilive.com

facebook
www.facebook/mehakwatandilive

ਮਹਿਕ ਵਤਨ ਦੀ ਲਾਈਵ ਦੀਆਂ ਖ਼ਬਰਾਂ ਅਤੇ ਲੇਖਾਂ ਬਾਰੇ ਆਪਣੇ ਵਿਚਾਰ ਸਾਂਝੇ ਕਰਨ ਲਈ ਸਾਡੇ ਫੇਸਬੁੱਕ ਪੇਜ ਉਤੇ ਵੀ ਲਾਗਇਨ ਕਰ ਸਕਦੇ ਹੋ।

ਦੇਸ਼, ਵਿਦੇਸ਼ ਅਤੇ ਪੰਜਾਬ ਦੀਆਂ ਤਾਜ਼ੀਆਂ ਖ਼ਬਰਾਂ ਆਨਲਾਈਨ ਪੜ੍ਹਨ ਲਈ ਕਲਿੱਕ ਕਰੋ
www.mehakwatandilive.com

## ਅੰਦਰ ਪੜ੍ਹੋ

* ਘਰ ਦਾ ਭੇਤੀ ਲੰਕਾਂ ਢਾਏ
* ਅਖੰਡ ਸੁਹਾਗ ਦੀ ਪ੍ਰਾਥਨਾ ਕਰਵਾ ਚੌਥ ਦਾ ਵਰਤ
* ਸਾਡਾ ਪੰਜਾਬੀ ਵਿਰਸਾ * ਦਿਲ ਲਈ ਚੰਗੀ ਹੈ ਕਾਲੀ ਚਾਹ
* ਚੰਗੀ ਸਿਹਤ ਲਈ ਸਲਾਦ ਦੀ ਅਹਿਮੀਅਤ
* ਢਾਡੀ ਕਲਾ ਦੇ ਥੰਮ ਸਨ ਗੁਰਬਖਸ਼

ਖ਼ਬਰਾਂ ਅਤੇ ਰਚਨਾਵਾਂ ਭੇਜਣ ਵਾਸਤੇ ਈ-ਮੇਲ
chief_editor@mehakwatandilive.com
mehakwattandi@rediffmail.com




# ਲੋਹੜੀ-ਮਾਘੀ ਮੌਕੇ ਪ੍ਰਕਾਸ਼ਿਤ ਕਿੱਸਾ ਕਾਵਿ-ਸੰਗ੍ਰਿਹ 'ਮਹਿਕ ਵਿਰਸੇ ਦੀ'

## ਲੇਖਕ: ਸ. ਬਲਦੇਵ ਸਿੰਘ ਆਜਾਦ

## ਪ੍ਰਕਾਸ਼ਿਤ: 'ਮਹਿਕ ਵਤਨ ਦੀ ਲਾਈਵ' ਬਿਓਰੋ




ਸ. ਬਲਦੇਵ ਸਿੰਘ ਆਜਾਦ ਆਪਣੀ ਤੀਸਰੀ ਪੁਸਤਕ 'ਮਹਿਕ ਵਿਰਸੇ ਦੀ' ਲੈ ਕੇ ਪਾਠਕਾਂ ਦੇ ਸਨਮੁੱਖ ਹੋ ਰਹੇ ਹਨ। ਉਹ ਬਤੌਰ ਲੇਖਕ ਆਪਣਾ ਕਾਰਜ ਸਫਲਤਾ ਪੂਰਵਕ ਨਿਭਾ ਰਹੇ ਹਨ। ਉਨ੍ਹਾਂ ਦੀ ਪਹਿਲੀ ਪੁਸਤਕ 'ਇੱਕ ਸਦੀ ਦਾ ਅਧਿਆਤਮਿਕ ਸਫਰ' ਸੰਤ ਬਾਬਾ ਨੰਦ ਸਿੰਘ ਜੀ ਲੋਹਾਰੇ ਵਾਲਿਆਂ ਪ੍ਰਤੀ ਸ਼ਰਧਾ ਦਾ ਪ੍ਰਤੀਕ ਸੀ। ਦੂਸਰੀ ਪੁਸਤਕ 'ਗੀਤਾਂ ਦਾ ਪਰਾਗਾ' (ਕਾਵਿ-ਸੰਗ੍ਰਿਹ) ਸਾਹਿਤਕ ਖੇਤਰ ਵਿੱਚ ਆਪਣੀ ਅਹਿਮ ਛਾਪ ਛੱਡ ਚੁੱਕੀ ਹੈ।

ਹੁਣ ਤੀਸਰੀ ਪੁਸਤਕ 'ਮਹਿਕ ਵਿਰਸੇ ਦੀ' ਵਾਕਿਆ ਹੀ ਆਪਣੇ ਵਿਰਸੇ ਦੀ ਮਹਿਕ ਖਿਲਾਰ ਰਹੀ ਹੈ ਕਿਉਂਕਿ ਇਸ ਪੁਸਤਕ ਵਿੱਚ ਸ. ਬਲਦੇਵ ਸਿੰਘ ਆਜਾਦ ਨੇ ਸਾਡੇ ਪੁਰਾਣੇ ਕਿੱਸਿਆਂ ਦੇ ਨਾਇਕਾਂ ਰੂਪ ਬਸੰਤ, ਰਾਣੀ ਇਛਰਾਂ, ਲੂਣਾ, ਰਾਣੀ ਸੁੰਦਰਾ, ਪੂਰਨ ਭਗਤ, ਕੌਂਲਾ, ਤਾਰਾ ਰਾਣੀ, ਦੁੱਲਾ ਭੱਟੀ, ਸੁੱਚਾ ਸੂਰਮਾ, ਜਿਉਣਾ ਮੋੜ, ਸੋਹਣੀ ਮਹੀਂਵਾਲ, ਸੱਸੀ ਪੁਨੂੰ, ਸ਼ੀਰੀ ਫਰਹਾਦ, ਹੀਰ ਰਾਂਝਾ, ਮਿਰਜਾ ਸਾਹਿਬਾਂ ਅਦਿ ਨੂੰ ਮੁੱਖ ਵਿਸ਼ਾ ਬਣਾਇਆ ਹੈ ਜੋ ਸ਼ਲਾਂਘਾ ਯੋਗ ਕਾਰਜ ਹੈ। ਜਿਥੇ ਇਸ ਪੁਸਤਕ ਵਿੱਚਲੇ ਗੀਤਾਂ ਦੀ ਚੋਣ ਉਨ੍ਹਾਂ ਨੇ ਬੜੀ ਸੂਝ-ਬੂਝ ਨਾਲ ਕੀਤੀ ਹੈ ਉਥੇ ਮਾ. ਆਤਮਾ ਸਿੰਘ ਚੜਿੱਕ ਨੇ ਇਸ ਪੁਸਤਕ ਬਾਰੇ ਚਾਰ ਸ਼ਬਦ ਲਿਖ ਕੇ ਸੋਨੇ ਤੇ ਸੁਹਾਗੇ ਵਾਲੀ ਗੱਲ ਕੀਤੀ ਹੈ।

ਮੈਗਜੀਨ ਦੇ ਲੇਖਕ ਵਜੋਂ ਤਾਂ ਸ. ਬਲਦੇਵ ਸਿੰਘ ਆਜਾਦ 'ਮਹਿਕ ਵਤਨ ਦੀ' ਮੈਗਜੀਨ ਦੇ ਸ਼ੁਰੂ ਤੋਂ ਹੀ ਇਸ ਅਦਾਰੇ ਨਾਲ ਜੁੜੇ ਹੋਏ ਹਨ। ਇਸ ਦੇ ਨਾਲ ਹੀ ਪਹਿਲੀਆਂ ਦੋ ਪੁਸਤਕਾਂ ਦੀ ਤਰ੍ਹਾਂ ਇਸ ਤੀਸਰੀ ਪੁਸਤਕ 'ਮਹਿਕ ਵਿਰਸੇ ਦੀ' ਲਈ ਵੀ ਸ. ਬਲਦੇਵ ਸਿੰਘ ਆਜਾਦ ਵੱਲੋਂ ਇਸ ਪੁਸਤਕ ਦੀ ਪ੍ਰਕਾਸ਼ਨਾ ਲਈ 'ਮਹਿਕ ਵਤਨ ਦੀ ਲਾਈਵ' ਬਿਓਰੋ ਨੂੰ ਚੁਨਣਾ ਸਾਡੇ ਲਈ ਮਾਣ ਵਾਲੀ ਗੱਲ ਹੈ। ਉਮਰਾਂ ਦੇ ਫਾਸਲੇ ਹੋਣ ਦੇ ਬਾਵਜੂਦ ਵੀ ਇੱਕੋ ਸਾਹਿਤਕ ਸੋਚ ਤੇ ਚਲਦਿਆਂ ਪ੍ਰਕਾਸ਼ਤ ਕੀਤੀ ਜਾ ਰਹੀ ਇਸ ਪੁਸਤਕ 'ਮਹਿਕ ਵਿਰਸੇ ਦੀ' ਨੂੰ ਪ੍ਰਕਾਸ਼ਿਤ ਕਰ ਰਹੇ ਹਾਂ। ਇਹ ਕਾਰਜ ਕਰਦਿਆਂ ਦਿਲ ਨੂੰ ਇਕ ਖਾਸ ਸਕੂਨ ਅਤੇ ਖੁਸ਼ੀ ਮਹਿਸੂਸ ਹੋ ਰਹੀ ਹੈ। -ਭਵਨਦੀਪ ਸਿੰਘ ਪੁਰਬਾ



Scanned with CamScanner

ਈਸ਼ਰ ਆ, ਦਲਿੱਦਰ ਜਾ,
ਦਲਿੱਦਰ ਦੀ ਜੜ੍ਹ ਚੁੱਲੇ ਪਾ!
ਸਭ ਨੂੰ ਲੋਹੜੀ ਦੀ ਵਧਾਈ ਹੋਵੇ।

# ਖੁਸ਼ੀਆਂ ਅਤੇ ਚਾਵਾਂ ਦਾ ਪ੍ਰਤੀਕ ਲੋਹੜੀ ਅਤੇ ਮਾਘੀ ਤੇ ਵਿਸ਼ੇਸ਼

ਇਸ ਸਪਲੀਮੈਂਟ ਵਿਚ ਸਹਿਯੋਗ ਦੇਣ ਵਾਲੇ ਸੰਤਾਂ-ਮਹਾਂਪੁਰਸ਼ਾਂ ਦਾ ਹਾਰਦਿਕ ਧੰਨਵਾਦ।
ਵੱਲੋਂ - ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ 'ਮਹਿਕ ਵਤਨ ਦੀ ਲਾਈਵ') ਸੰਪਰਕ : 9988 92 9988



ਦੇਸ਼-ਵਿਦੇਸ਼ਾ ਵਿੱਚ ਵਸਦੇ ਸਮੂੰਹ ਪੰਜਾਬੀਆਂ ਨੂੰ ਲੋਹੜੀ ਅਤੇ ਮਾਘੀ ਦੇ ਪਵਿੱਤਰ ਦਿਹਾੜੇ ਦੀਆਂ ਲੱਖ-ਲੱਖ ਮੁਬਾਰਕਾਂ ਹੋਵਨ ਜੀ !

With Best Wishes From:

ਸੰਤ ਬਾਬਾ ਰੇਸ਼ਮ ਸਿੰਘ ਜੀ ਖੁਖਰਾਣਾ

ਮੁੱਖ ਸੇਵਾਦਾਰ :


ਗੁ. ਸਾਹਿਬ ਦੁੱਖ ਭੰਜਨਸਰ

ਸੀਨੀ. ਮੀਤ ਪ੍ਰਧਾਨ: ਗੁਰ ਸ਼ਬਦ ਪ੍ਰਚਾਰ ਸੰਤ ਸਮਾਜ * ਮੈਂਬਰ: ਖਾਲਸਾ ਐਕਸ਼ਨ ਕਮੇਟੀ

ਮੋ. 98153-11318



ਜਾਰੀ ਕਰਤਾ: ਬਲਜਿੰਦਰ ਸਿੰਘ 'ਗੋਰਾ' (ਜੁਆਇੰਟ ਸੈਕਟਰੀ: ਆਪ ਜਿਲ੍ਹਾ ਮੋਗਾ) ਅਤੇ ਭਾਈ ਹਰਪ੍ਰੀਤ ਸਿੰਘ ਖੁਖਰਾਣਾ



ਸੱਚਖੰਡ ਵਾਸੀ ਸ਼੍ਰੀ ਮਾਨ
ਸੰਤ ਬਾਬਾ ਹੀਰਾ ਸਿੰਘ ਜੀ ਖੁਖਰਾਣਾ

ਦੇਸ਼-ਵਿਦੇਸ਼ਾ ਵਿੱਚ ਵਸਦੇ ਸਮੂੰਹ ਪੰਜਾਬੀਆਂ ਨੂੰ ਲੋਹੜੀ ਅਤੇ ਮਾਘੀ ਦੇ ਪਵਿੱਤਰ ਦਿਹਾੜੇ ਦੀਆਂ ਲੱਖ-ਲੱਖ ਮੁਬਾਰਕਾਂ ਹੋਵਨ ਜੀ !

ਗੁਰਦੁਆਰਾ ਸੰਤ ਬਾਬਾ ਹੀਰਾ ਸਿੰਘ ਜੀ

ਤਪ ਅਸਥਾਨ ਬਾਬਾ ਹੀਰਾ ਸਿੰਘ ਜੀ ਪਿੰਡ ਖੁਖਰਾਣਾ (ਜ਼ਿਲ੍ਹਾ ਮੋਗਾ) ਪੰਜਾਬ

ਇਸ ਪਵਿੱਤਰ ਅਸਥਾਨ ਤੇ ਸੰਗਰਾਂਦ ਦਾ ਦਿਹਾੜਾ ਮਨਾਇਆ ਜਾਂਦਾ ਹੈ।

ਸੱਚਖੰਡ ਵਾਸੀ ਧੰਨ-ਧੰਨ ਸੰਤ ਬਾਬਾ ਹੀਰਾ ਸਿੰਘ ਜੀ ਮਹਾਰਾਜ ਦੀ ਸਾਲਾਨਾ ਬਰਸੀ ਹਰ ਸਾਲ 17 ਮੱਘਰ ਨੂੰ ਮਨਾਈ ਜਾਂਦੀ ਹੈ ਅਤੇ ਉਨ੍ਹਾਂ ਦੇ ਸਥਾਨ ਦੇ ਸੇਵਕ ਬਾਬਾ ਹਾਕਮ ਸਿੰਘ ਜੀ ਦੀ ਬਰਸ਼ੀ ਦੇ ਭੋਗ ਹਰ ਸਾਲ ਦੀਵਾਲੀ ਵਾਲੇ ਦਿਨ ਪਾਏ ਜਾਦੇ ਹਨ।

ਸਮੂੰਹ ਸੰਗਤ ਨੂੰ ਇਨ੍ਹਾਂ ਦਿਨਾ ਤੇ ਹਾਜਰ ਹੋਣ ਦਾ ਸੱਦਾ ਦਿੱਤਾ ਜਾਂਦਾ ਹੈ।

ਬੇਨਤੀ ਕਰਤਾ : ਸੇਵਾਦਾਰ
ਬਾਬਾ ਜਸਵਿੰਦਰ ਸਿੰਘ ਜੀ ਬੱਧਨੀ ਖੁਰਦ ਵਾਲੇ
ਸੰਪਰਕ : 62800-15996
ਸੰਤ ਬਾਬਾ ਹੀਰਾ ਸਿੰਘ ਜੀ ਪ੍ਰਬੰਧਕੀ ਕਮੇਟੀ, ਖੁਖਰਾਣਾ



Scanned with CamScanner

## ਸੰਪਾਦਕ ਦੀ ਕਲਮ 'ਚੋਂ ...

ਮੁੱਖ ਸੰਪਾਦਕ - ਭਵਨਦੀਪ ਸਿੰਘ ਪੁਰਬਾ

# ਖੁਸ਼ੀਆਂ ਤੇ ਚਾਵਾਂ ਦਾ ਤਿਉਹਾਰ ਲੋਹੜੀ ਅਤੇ ਪਵਿੱਤਰ ਤਿਉਹਾਰ ਮਾਘੀ

ਸਾਡੇ ਪੰਜਾਬੀ ਵਿਰਸੇ ਦੇ ਅਨੇਕਾਂ ਤਿਉਹਾਰ ਹਨ ਹਰੇਕ ਤਿਉਹਾਰ ਦੀ ਆਪਣੀ ਆਪਣੀ ਖਾਸ਼ੀਅਤ ਹੈ। ਮੌਜੂਦਾ ਸਮੇਂ ਚੱਲ ਰਹੇ ਕੈਲੰਡਰ ਅਨੁਸਾਰ ਨਵੇਂ ਸਾਲ ਦਾ ਸਭ ਤੋਂ ਪਹਿਲਾ ਵਿਰਾਸਤੀ ਤਿਉਹਾਰ ਲੋਹੜੀ ਤੇ ਮਾਘੀ ਹੈ। ਆਮ ਬੋਲ-ਚਾਲ ਵਿੱਚ ਅਸੀਂ ਲੋਹੜੀ-ਮਾਘੀ ਇਕੱਠਾ ਬੋਲਦੇ ਹਾਂ ਪਰ ਲੋਹੜੀ ਅਤੇ ਮਾਘੀ ਅਲੱਗ-ਅਲੱਗ ਤਿਉਹਾਰ ਹਨ। ਲੋਹੜੀ ਅਤੇ ਮਾਘੀ ਵਿੱਚ ਸਬੰਧ ਇਹੀ ਹੈ ਕਿ ਹਮੇਸ਼ਾ ਲੋਹੜੀ ਤੋਂ ਅਗਲੇ ਦਿਨ ਮਾਘੀ ਦਾ ਤਿਉਹਾਰ ਹੁੰਦਾ ਹੈ। ਨਵੇਂ ਕੈਲੰਡਰਾ ਅਨੁਸਾਰ ਬਹੁੱਤ ਸਾਰੇ ਦਿਨ ਤਿਉਹਾਰ ਬਦਲ ਗਏ ਹਨ ਪਰ ਲੋਹੜੀ ਜਿਆਦਾਤਰ 13 ਜਨਵਰੀ ਦੀ ਅਤੇ ਮਾਘੀ ਜਿਆਦਾਤਰ 14 ਜਨਵਰੀ ਦੀ ਹੀ ਹੁੰਦੀ ਹੈ।

ਲੋਹੜੀ ਦਾ ਤਿਉਹਾਰ ਖੁਸ਼ੀਆਂ ਅਤੇ ਚਾਵਾਂ ਦਾ ਤਿਉਹਾਰ ਹੈ। ਕੜਾਕੇ ਦੀ ਠੰਡ ਦੇ ਬਾਵਜੂਦ ਵੀ ਇਸ ਤਿਉਹਾਰ ਲਈ ਸਭ ਦੇ ਮਨ ਵਿੱਚ ਖਾਸ ਚਾਅ, ਉਤਸਾਹ ਅਤੇ ਉਮੰਗ ਹੁੰਦੀ ਹੈ। ਲੋਹੜੀ ਪੋਹ ਮਹੀਨੇ ਦੀ ਆਖਰੀ ਰਾਤ ਨੂੰ ਮਨਾਈ ਜਾਂਦੀ ਹੈ। ਇਹ ਤਿਉਹਾਰ ਆਪਸੀ ਮੇਲ-ਮਿਲਾਪ ਅਤੇ ਭਾਈਚਾਰਕ ਸਾਂਝ ਪੈਦਾ ਕਰਦਾ ਹੈ। ਜਿਸ ਘਰ ਕੋਈ ਖੁਸ਼ੀ ਆਈ ਹੋਵੇ ਉਸ ਦੇ ਬੂਹੇ ਅੱਗੇ ਧੂਣੀ ਲਾਈ ਜਾਦੀ ਹੈ। ਜਿਸ ਤੇ ਰਿਸ਼ਤੇਦਾਰ ਅਤੇ ਆਢ-ਗੁਆਢ ਦੇ ਲੋਕ ਇਕੱਠੇ ਹੋ ਕੇ ਬੈਠਦੇ ਹਨ ਅਤੇ ਖੁਸ਼ੀ ਸ਼ਾਝੀ ਕਰਦੇ ਹਨ। ਧੂਣੀ ਲਗਾਉਣ ਲਈ ਸਾਰੇ ਆਸ-ਪਾਸ ਦੇ ਘਰਾਂ 'ਚੋਂ ਪਾਥੀਆਂ ਅਤੇ ਲੱਕੜਾਂ ਇਕੱਠੀਆਂ ਕਰਕੇ ਕਿਸੇ ਇੱਕ ਜਗ੍ਹਾ ਤੇ ਬਾਲਣ ਇਕੱਠਾ ਕਰਕੇ ਸਾਂਝੀ ਧੂਣੀ ਲਗਾ ਕੇ ਲੋਹੜੀ ਮਨਾਉਂਦੇ ਸਨ। ਧੂਣੀ ਤੇ ਬੈਠ ਕੇ ਨਾਲੇ ਠੰਢ ਤੋਂ ਰਾਹਤ ਮਿਲਦੀ ਸੀ ਤੇ ਬਿਨਾ ਸ਼ੋਰ-ਸਰਾਬੇ ਤੋਂ ਇਕੱਠੇ ਬੈਠ ਕੇ ਦੁੱਖ-ਸੁੱਖ ਸਾਂਝੇ ਕੀਤੇ ਜਾਂਦੇ ਸਨ। ਲੋਹੜੀ ਦੀ ਧੂਣੀ ਵਿੱਚ ਤਿੱਲ ਸੁਟੇ ਜਾਂਦੇ ਸੀ ਤੇ ਗੁਣ ਗੁਣਾਇਆ ਜਾਂਦਾ ਸੀ:

ਈਸ਼ਰ ਆ, ਦਲਿੱਦਰ ਜਾ। ਦਲਿੱਦਰ ਦੀ ਜੜ੍ਹ ਚੁੱਲੇ ਪਾ।

ਧੂਣੀ ਉਪਰ ਦੀ ਗੰਨੇ ਵਾਰ ਕੇ ਚੂੱਪੇ ਜਾਂਦੇ ਸਨ। ਕਈ ਲੋਕ ਇਸ ਰਾਤ ਨੂੰ ਸਰੋਂ ਦਾ ਸਾਗ ਬਣਾਉਂਦੇ ਸਨ। ਇਸ ਰਾਤ ਸਾਗ ਤੌੜੀ ਵਿੱਚ ਧਰਦੇ ਸਨ, ਸਾਰੀ ਰਾਤ ਸਾਗ ਰਿਝਦਾ ਸੀ ਅਤੇ ਅਗਲੀ ਸਵੇਰ ਮਾਘੀ ਦੀ ਸੰਗਰਾਂਦ ਨੂੰ ਖਾਂਦੇ ਸਨ। ਕਿਹਾ ਜਾਂਦਾ ਸੀ:

'ਪੋਹ ਰਿੰਨੀ, ਮਾਘ ਖਾਧੀ।'

ਪਹਿਲੇ ਸਮਿਆਂ ਵਿੱਚ ਲੋਹੜੀ ਮਨਾਉਣ ਦਾ ਵੱਖਰਾਂ ਢੰਗ ਸੀ। ਬੱਚੇ ਇਕੱਠੇ ਹੋ ਕੇ ਗਲੀਆਂ ਮੁਹੱਲਿਆਂ ਵਿੱਚ ਲੋਹੜੀ ਮੰਗਦੇ ਸਨ। ਲੋਹੜੀ ਮੰਗਣ ਲੱਗੇ ਆਵਾਜ ਲਗਾਉਦੇ ਸੀ:

ਦੇ ਨੀ ਮਾਈ ਲੋਹੜੀ, ਤੇਰਾ ਪੁੱਤ ਚੜੇਗਾ ਘੋੜੀ।

ਜਾਂ

ਸਾਨੂੰ ਦੇ ਲੋਹੜੀ, ਤੇਰੇ ਜੀਵੇ ਜੋੜੀ।

ਜੇਕਰ ਲੋਹੜੀ ਦਿੰਦੇ ਸਮੇਂ ਥੋੜੀ ਦੇਰ ਹੋ ਜਾਣੀ ਤਾਂ ਬੱਚਿਆਂ ਨੇ ਆਖਣਾ:

ਸਾਡੇ ਪੈਰਾਂ ਹੇਠਾ ਰੋੜ, ਸਾਨੂੰ ਛੇਤੀ-ਛੇਤੀ ਤੋਰ।

ਪੁਰਾਤਨ ਕਿੱਸਿਆਂ ਅਨੁਸਾਰ ਲੋਹੜੀ ਦਾ ਸਾਡੇ ਲੋਕ ਨਾਇਕ ਦੁੱਲਾ ਭੱਟੀ ਨਾਲ ਗਹਿਰਾ ਸਬੰਧ ਹੈ। ਇਸ ਕਰਕੇ ਲੋਹੜੀ ਮੰਗਦੇ ਬੱਚੇ ਇਹ ਸਤਰਾਂ ਗਾਉਦੇ ਸਨ:

ਸੁੰਦਰ ਮੁੰਦਰੀਏ ...ਹੋ!
ਤੇਰਾ ਕੌਣ ਵਿਚਾਰ ...ਹੋ!
ਦੁੱਲਾ ਭੱਟੀ ਵਾਲਾ ...ਹੋ!
ਦੁੱਲੇ ਧੀ ਵਿਆਹੀ ...ਹੋ!
ਸੇਰ ਸੱਕਰ ਪਾਈ ...ਹੋ!
ਸਾਨੂੰ ਦੇ ਦੇ ਲੋਹੜੀ, 'ਤੇ ਤੇਰੀ ਜੀਵੇ ਜੋੜੀ...!

ਸਾਡੇ ਬਜੁਰਗ ਲੋਹੜੀ ਦੇ ਦਿਨਾ 'ਚ ਬੱਚਿਆਂ ਨੂੰ ਮੂੰਗਫਲੀ ਅਤੇ ਗੁੜ ਦੇਣਾ ਵੀ ਸ਼ਗਨ ਸਮਝਦੇ ਸਨ। ਲੋਹੜੀ ਤੇ ਬੱਚਿਆਂ ਨੂੰ ਮੂੰਗਫਲੀ ਅਤੇ ਗੁੜ ਸਾਰੇ ਦਿੰਦੇ ਸਨ ਪਰ ਘਰ ਵਿੱਚ ਲੋਹੜੀ ਜਿਆਦਾਤਰ ਮੁੰਡੇ ਦੇ ਜਨਮ ਹੋਣ ਤੇ ਜਾਂ ਮੁੰਡੇ ਦਾ ਵਿਆਹ ਹੋਣ ਤੇ ਮਨਾਈ ਜਾਦੀ ਸੀ। ਅੱਜ ਕੱਲ੍ਹ ਲੋਕ ਪੜ੍ਹ-ਲਿਖ ਕੇ ਚੰਗੀ ਸੋਚ ਰੱਖਦੇ ਹੋਏ ਧੀਆਂ ਦੀ ਲੋਹੜੀ ਵੀ ਮਨਾਉਣ ਲੱਗੇ ਹਨ। ਘਰ ਵਿੱਚ ਆਇਆ ਹਰ ਨਵਾਂ ਬੱਚਾ ਸਾਡੇ ਵਿਹੜੇ ਦੀ ਰੋਣਕ ਹੈ। ਮੁੰਡੇ ਕੁੜੀ ਦੇ ਫਰਕ ਨੂੰ ਮਿਟਾ ਕੇ ਪੁੱਤਾਂ ਵਾਂਗ ਧੀਆਂ ਦੀ ਲੋਹੜੀ ਮਨਾਉਣਾ ਸਲਾਂਘਾਯੋਗ ਕਾਰਜ ਹੈ।

ਪਹਿਲਾਂ ਜਿਸ ਘਰ ਮੁੰਡੇ ਦਾ ਜਨਮ ਹੁੰਦਾ ਸੀ ਜਾਂ ਜਿਸ ਘਰ ਮੁੰਡੇ ਦਾ ਵਿਆਹ ਹੁੰਦਾ ਸੀ ਉਸ ਘਰ ਵਾਲੇ ਆਪਣੇ ਰਿਸ਼ਤੇਦਾਰ ਅਤੇ ਆਢ-ਗੁਆਢ ਦੀਆਂ ਔਰਤਾਂ ਨਾਲ ਆਪਣੇ ਗਲੀ, ਮੁਹੱਲੇ, ਅਗਵਾੜ ਜਾਂ ਸਰਦੇ-ਪੁੱਜਦੇ ਘਰ ਸਾਰੇ ਪਿੰਡ ਵਿੱਚ ਘਰ-ਘਰ ਜਾ ਕੇ ਮੂੰਗਫਲੀ, ਰਿਉੜਿਆਂ ਜਾਂ ਗੁੱੜ ਵੰਡਦੇ ਸਨ। ਅੱਜ-ਕੱਲ੍ਹ ਲੋਕਾਂ ਵਿੱਚ ਮੋਹ ਪਿਆਰ ਘੱਟ ਗਿਆ ਹੈ। ਲੋਕਾਂ ਕੋਲ ਸਮਾਂ ਹੀ ਨਹੀਂ ਹੈ ਕਿ ਉਹ ਆਪਣੇ ਰਿਸਤੇਦਾਰਾਂ ਜਾਂ ਸਕੇ ਸਬੰਧੀਆਂ ਦੇ ਜਾ ਕੇ ਉਨ੍ਹਾਂ ਨਾਲ ਲੋਹੜੀਆਂ ਵੰਡਾਉਣ। ਨਾ ਹੀ ਕੋਈ ਲੋਹੜੀ ਵੰਡਣ ਲਈ ਕਿਸੇ ਨੂੰ ਬੁਲਾ ਕੇ ਰਾਜੀ ਹੈ ਬੱਸ ਲੋਹੜੀ ਵਾਲੀ ਰਾਤ ਡੀ.ਜੀ. ਵਗੈਰਾ ਲਗਾ ਕੇ ਪਾਰਟੀ ਤੇ ਸੱਦਾ ਦੇ ਦਿੱਤਾ ਜਾਂਦਾ ਹੈ। ਇਹ ਡੁਪਲੀਕੇਟ ਵਿਖਾਵਾ ਮਨ ਨੂੰ ਖੁਸ਼ੀ ਤੇ ਸਕੂਨ ਨਹੀਂ ਦਿੰਦਾ ਸਗੋਂ ਸਿਰਫ ਲੋਕ-ਲੱਜਾ ਲਈ ਕੀਤੀਆਂ ਫਾਰਮੈਲਟੀਆਂ ਹੀ ਹਨ।

ਕੁਦਰਤ ਦਾ ਅਸੂਲ ਹੈ ਕਦੇ ਵੀ ਕਿਸੇ ਚੀਜ ਦਾ ਬੀਜ ਨਾਸ਼ ਨਹੀਂ ਹੁੰਦਾ। ਅਜੇ ਵੀ ਬਹੁੱਤ ਅਜਿਹੇ ਪਿੰਡ ਹਨ ਜਿਥੇ ਲੋਕ ਸਾਡੀ ਵਿਰਾਸਤ ਨਾਲ ਜੁੜੇ ਹੋਏ ਹਨ। ਬਹੁੱਤ ਸਾਰੇ ਲੋਕ ਅਜਿਹੇ ਹਨ ਜਿਹੜੇ ਸ਼ਹਿਰਾਂ ਵਿੱਚ ਵਸਦੇ ਹਨ ਪਰ ਉਨ੍ਹਾਂ ਦੇ ਦਿਲਾਂ ਵਿੱਚ ਵਿਰਾਸਤ ਲਈ ਪਿਆਰ ਹੈ ਉਨ੍ਹਾਂ ਨੇ ਆਪਣੇ ਵਿਰਸੇ ਦੀਆਂ ਸੌਗਾਤਾਂ ਨੂੰ ਜੀਵਤ ਰੱਖਿਆ ਹੋਇਆ ਹੈ। ਉਹ ਪੁਰਾਤਨ ਰਿਵਾਇਤ ਅਨੁਸਾਰ ਘਰ ਧੀ-ਪੁੱਤ ਦੇ ਜਨਮ ਹੋਣ ਤੇ ਜਾਂ ਘਰ ਮੁੰਡੇ ਦਾ ਵਿਆਹ ਹੋਣ ਤੇ ਆਪਣੇ ਰਿਸਤੇਦਾਰ ਅਤੇ ਆਂਢ-ਗੁਆਂਢ ਦੀਆਂ ਔਰਤਾਂ ਨਾਲ ਆਪਣੇ ਗਲੀ, ਮੁਹੱਲਿਆਂ ਵਿੱਚ ਘਰ-ਘਰ ਜਾ ਕੇ ਪੁਰਾਤਨ ਰਵਾਇਤ ਅਨੁਸਾਰ ਮੂੰਗਫਲੀ, ਰਿਉੜਿਆਂ (ਨਵੇਂ ਜਮਾਨੇ ਅਨੁਸਾਰ ਗੁੱੜ ਦੀ ਜਗ੍ਹਾ ਗੱਚਕ ਅਤੇ ਲੱਡੂ ਆਦਿ) ਵੰਡਦੇ ਹਨ। ਇਹ ਰਵਾਇਤਾਂ ਜਿਥੇਂ ਮਨ ਨੂੰ ਇੱਕ ਵੱਖਰੀ ਖੁਸ਼ੀ ਤੇ ਆਨੰਦ ਦਿੰਦਿਆ ਹਨ ਉਥੇ ਸਾਨੂੰ ਸਾਡੀ ਵਿਰਾਸਤ ਨਾਲ ਜੋੜ ਕੇ ਰੱਖਦੀਆਂ ਹਨ।

ਸਾਡੇ ਧਾਰਮਿਕ ਆਗੂਆਂ ਅਨੁਸਾਰ ਮਾਘੀ ਨੂੰ ਬਹੁੱਤ ਹੀ ਪਵਿੱਤਰ ਦਿਨ ਦਾ ਦਰਜਾ ਦਿੱਤਾ ਗਿਆ ਹੈ। ਮਾਘੀ ਮਾਘ ਮਹੀਨੇ ਦੀ ਸੰਗ੍ਰਾਦ ਨੂੰ ਕਹਿੰਦੇ ਹਨ ਇਸ ਦਿਨ ਦੇਸੀ ਮਹੀਨਿਆਂ ਅਨੁਸਾਰ ਮਾਘ ਮਹੀਨੇ ਦੀ ਸ਼ੁਰੂਆਤ ਹੁੰਦੀ ਹੈ। ਮਾਘ ਦਾ ਸਾਰਾ ਮਹੀਨਾ ਭਾਰਤ ਵਿੱਚ ਅਤੇ ਖਾਸ ਕਰਕੇ ਪੰਜਾਬ ਵਿੱਚ ਸਾਰਾ ਮਹੀਨਾ ਬਹੁੱਤ ਦਾਨ-ਪੁੰਨ ਕੀਤਾ ਜਾਂਦਾ ਹੈ। ਸਾਰਾ ਮਹੀਨਾ ਥਾਂ-ਥਾਂ ਤੇ ਲੰਗਰ ਚੱਲਦੇ ਹਨ। ਸ਼੍ਰੀ ਅਖੰਡ ਪਾਠ ਸਾਹਿਬ ਦੀਆਂ ਲੜੀਆਂ ਚੱਲਦੀਆਂ ਹਨ। ਮਾਘ ਮਹੀਨੇ ਨੂੰ ਮੁੱਖ ਰੱਖਕੇ ਬਹੁੱਤ ਸਾਰੇ ਵਿਸ਼ੇਸ਼ ਧਾਰਮਿਕ ਸਮਾਗਮ ਹੁੰਦੇ ਹਨ।

ਲੋਹੜੀ ਦੀ ਖੁਸ਼ੀ ਆਪਣਿਆਂ ਬਿਨਾ ਚੰਗੀ ਨਹੀਂ ਲੱਗਦੀ। ਜਿਸ ਦੇ ਸੱਜਣ ਗੁਸੇ ਗਿਲ੍ਹੇ ਹੋਣ ਉਨ੍ਹਾਂ ਨੂੰ ਤਾਂ ਲੋਹੜੀ ਨਾਲ ਕੋਈ ਵਾਸਤਾ ਹੀ ਨਹੀਂ ਹੁੰਦਾ। ਕਿਸੇ ਨੇ ਲਿਖਿਆ ਹੈ:

ਲੋਹੜੀ ਵਾਲੀ ਰਾਤ, ਲੋਕੀ ਬਾਲ ਦੇ ਨੇ ਲੋਹੜੀਆਂ।
ਸਾਡੀ ਕਾਹਦੀ ਲੋਹੜੀ, ਅੱਖਾਂ ਸੱਜਣਾ ਨੇ ਮੋੜੀਆਂ।

ਪ੍ਰਮਾਤਮਾਂ ਕ੍ਰਿਪਾ ਕਰੇ! ਕਿਸੇ ਲਈ ਲੋਹੜੀ, ਆਪਣਿਆਂ ਬਿਨ੍ਹਾਂ ਅਧੂਰੀ ਨਾ ਹੋਵੇ। ਹਰੇਕ ਸਾਲ ਲੋਹੜੀ ਅਤੇ ਮਾਘੀ ਹਰੇਕ ਲਈ ਖੁਸ਼ੀ ਭਰੀ ਹੀ ਆਵੇ।


International
ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
ਮਹਿਕ ਵਤਨ ਦੀ
'Mehak Watan Di Live' ● ਲਾਈਵ

Titel Regd No. PUNPUN 04016 Year 6 Edition 10 Issue Date 12-01-2023

ਮੁੱਖ ਸੰਪਾਦਕ : ਭਵਨਦੀਪ ਸਿੰਘ ਪੁਰਬਾ
ਉੱਪ-ਮੁੱਖ ਸੰਪਾਦਕ (ਆਨਰੇਰੀ) : ਭਾਗਵੰਤੀ ਪੁਰਬਾ
ਸਾਹਿਤਕ ਸੰਪਾਦਕ : ਹਰਜੀਤ ਕੌਰ ਗਿੱਲ
ਸਹਿ ਸੰਪਾਦਕ : ਇਕਬਾਲ ਸਿੰਘ ਖੋਸਾ
ਇੰਚਾਰਜ ਪ੍ਰੇਟਿੰਗ ਵਿਭਾਗ : ਸੁਖਜੀਤ ਸਿੰਘ ਵਾਲੀਆ
ਮੁੱਖ ਸਲਾਹਕਾਰ : ਬਾਬਾ ਜਸਵੀਰ ਸਿੰਘ ਲੋਹਾਰਾ
ਸਿਆਸੀ ਸਲਾਹਕਾਰ : ਕੁਲਵਿੰਦਰ ਸਿੰਘ ਤਾਰੇਵਾਲਾ
ਸਾਹਿਤਕ ਸਲਾਹਕਾਰ : ਗੁਰਮੇਲ ਸਿੰਘ ਬੌਡੇ
ਕੌਮੰਤਰੀ ਸਲਾਹਕਾਰ : ਗੁਰਸੇਵਕ ਸਿੰਘ ਪੁਰਬਾ
ਪ੍ਰੈਸ ਫੋਟੋ ਗ੍ਰਾਫਰ : ਮਨਮੋਹਨ ਸਿੰਘ ਚੀਮਾ




Happy Lohri and Maggi
From:
GURU NANAK
LIBRARY



ऑनलाईन फार्म
एडमिशन फार्म
रिजल्ट
पासपोर्ट
पैन कार्ड
लैमिनेशन
यहां पर सभी प्रकार के Competition से Related Books
मार्किट से सस्ते रेटों पर मिलती है।
यहां पर IGNOU, के सभी प्रकार
के फार्म भरने की सुविधा है।
99929-99115
onlinesolution811@gmail.com

ਵਿਸ਼ੇਸ਼ ਨੋਟ : 1. 'ਮਹਿਕ ਵਤਨ ਦੀ ਲਾਈਵ' ਪੇਪਰ ਵਿੱਚ ਛਪਣ ਵਾਲੀਆਂ ਸਾਰੀਆਂ ਰਚਨਾਵਾਂ ਵਿੱਚ ਨਾਮ ਅਤੇ ਸਥਾਨ ਫਰਜ਼ੀ ਹੁੰਦੇ ਹਨ। ਜੇਕਰ ਕਿਸੇ ਜਿਉਂਦੇ ਜਾਂ ਮਰ ਚੁੱਕੇ ਵਿਅਕਤੀ ਨਾਲ ਮਿਲ ਜਾਣ ਤਾਂ ਇਹ ਇੱਕ ਸੰਯੋਗ ਹੀ ਸਮਝਣਾ ਚਾਹੀਦਾ ਹੈ ਅਦਾਰਾ ਇਸ ਦਾ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੋਵੇਗਾ। 2. 'ਮਹਿਕ ਵਤਨ ਦੀ ਲਾਈਵ' ਸਿਰਫ ਪੰਜਾਬੀ ਪੇਪਰ ਹੈ ਜਿਸ ਦਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ। 3. ਵਿਦੇਸ਼ਾਂ ਵਿੱਚ ਪੇਪਰ ਮੰਗਵਾਉਣ ਲਈ ਆਪਣਾ ਪਤਾ ਅੰਗੇਰਜ਼ੀ ਦੇ ਵੱਡੇ ਅੱਖਰਾਂ ਵਿੱਚ ਲਿਖ ਕੇ ਭੇਜਿਆ ਜਾਵੇ। 4. ਹਰ ਪ੍ਰਕਾਰ ਦਾ ਚੰਦਾ 'ਮਹਿਕ ਵਤਨ ਦੀ' ਦੇ ਨਾਮ ਤੇ ਭੇਜਿਆ ਜਾਵੇ ਜੋ ਮੋਗਾ ਪੰਜਾਬ ਵਿਚ ਭੁਗਤਾਉਣ ਯੋਗ ਹੋਵੇ। 5. ਇਸ਼ਤਿਹਾਰ ਦੇ ਮੈਟਰ ਬਾਰੇ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 6. 'ਮਹਿਕ ਵਤਨ ਦੀ' ਨਾਲ ਸਬੰਧਤ ਹਰ ਕਿਸਮ ਦੇ ਕਾਨੂੰਨੀ ਝਗੜੇ ਦਾ ਨਿਪਟਾਰਾ ਸਿਰਫ ਜ਼ਿਲ੍ਹਾ ਅਦਾਲਤ ਮੋਗਾ ਵਿੱਚ ਹੀ ਕੀਤਾ ਜਾਵੇਗਾ। 7. ਜੇਕਰ ਕਿਸੇ ਨੂੰ 'ਮਹਿਕ ਵਤਨ ਦੀ ਲਾਈਵ' ਪੇਪਰ ਦੇ ਸਬੰਧਤ ਮੈਟਰ ਤੇ ਕਿਸੇ ਪ੍ਰਕਾਰ ਦਾ ਇਤਰਾਜ਼ ਹੋਵੇ ਤਾਂ ਉਹ ਪੇਪਰ ਛਪਣ ਤੋਂ 15 ਦਿਨਾਂ ਦੇ ਅੰਦਰ -ਅੰਦਰ ਆਪਣੇ ਇਤਰਾਜ਼ ਪ੍ਰਗਟ ਕਰ ਸਕਦਾ ਹੈ ਇਸ ਤੋਂ ਬਾਅਦ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 8. ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਲੇਖਕਾਂ ਪ੍ਰਤੀ 1. 'ਮਹਿਕ ਵਤਨ ਦੀ ਲਾਈਵ' ਲਈ ਰਚਨਾਵਾਂ ਭੇਜਣ ਸਮੇਂ ਲੇਖਕਾਂ ਲਈ ਜ਼ਰੂਰੀ ਹੈ ਕਿ ਆਪਣੀ ਰਚਨਾ ਤਸਦੀਕ ਕਰਕੇ ਭੇਜਣ ਕਿ ਇਹ ਰਚਨਾ ਉਹਨਾਂ ਦੀ ਮੌਲਿਕ ਰਚਨਾ ਹੈ। 2. ਰਚਨਾਵਾਂ ਭੇਜਦੇ ਸਮੇਂ ਉਸ ਦੀ ਕਾਪੀ ਆਪਣੇ ਕੋਲ ਜ਼ਰੂਰ ਰੱਖ ਲਵੋ, ਰਚਨਾ ਵਾਪਸ ਨਹੀਂ ਭੇਜੀ ਜਾਵੇਗੀ, ਨਾ ਛਪਣਯੋਗ ਰਚਨਾ ਉਸ ਸੂਰਤ ਵਿੱਚ ਵਾਪਸ ਭੇਜੀ ਜਾਵੇਗੀ ਅਗਰ ਟਿਕਟ ਲੱਗਾ ਅਡਰੈਸ ਕੀਤਾ ਲਿਫ਼ਾਫਾ ਨਾਲ ਹੋਵੇਗਾ। 3. ਰਚਨਾਵਾਂ ਪੇਜ਼ ਦੇ ਇਕ ਪਾਸੇ ਸਾਫ ਸਾਫ ਕਰਕੇ ਲਿਖੀਆਂ ਜਾਣ ਜਾਂ ਟਾਈਪ ਕਰਕੇ ਭੇਜੀਆਂ ਜਾਣ ਜਾਂ ਈਮੇਲ ਅਡਰੈਸ 'ਤੇ ਭੇਜੀਆਂ ਜਾਣ। 4. ਕਿਸੇ ਵੀ ਲੇਖਕ ਨੂੰ ਉਸ ਦੀਆਂ ਰਚਨਾਵਾਂ ਦੀ ਕੋਈ ਕੀਮਤ ਨਹੀਂ ਦਿੱਤੀ ਜਾਂਦੀ ਹੈ।

ਟਾਈਟਲ ਡਿਜ਼ਾਇਨਿੰਗ : WP&S
ਮੈਗਜ਼ੀਨ, ਕਿਤਾਬਾਂ, ਪੋਸਟਰ, ਕੈਲੰਡਰ, ਸਕੂਲਾਂ ਨਾਲ ਸੰਬੰਧਤ ਹਰ ਤਰ੍ਹਾਂ ਦਾ ਕੰਮ ਕਰਵਾਉਣ ਲਈ ਸੰਪਰਕ ਕਰੋ।
ਮੋ. 98153-78692

### ਵਿਸ਼ੇਸ ਨੋਟ

'ਮਹਿਕ ਵਤਨ ਦੀ ਲਾਈਵ' ਪੇਪਰ ਸਬੰਧੀ ਹਰ ਪ੍ਰਕਾਰ ਦੀ ਜਾਣਕਾਰੀ ਲਈ Help Line: (+91) 9988-92-9988 ਤੇ ਸਿਰਫ ਸਵੇਰੇ 10 ਵਜੇ ਤੋ ਸ਼ਾਮ 5 ਵਜੇ ਤੱਕ ਹੀ ਸੰਪਰਕ ਕੀਤਾ ਜਾਵੇ।

Scanned with CamScanner





# ਕੋਈ ਵੀ ਚੀਜ਼ ਕੀਰਤਨ ਦੀ ਆਵਾਜ਼ ਵਿੱਚ ਰੁਕਾਵਟ ਨਾ ਪਾਵੇ ਨੂੰ ਧਿਆਨ ਵਿੱਚ ਰੱਖ ਕੇ ਹਰਿਮੰਦਰ ਸਾਹਿਬ ਦੇ ਭਵਨ ਨਿਰਮਾਣ ਦੀ ਸਿਰਜਨਾ ਹੋਈ

ਗਿਆਨੀ ਹਰਬੰਸ ਸਿੰਘ ਤੇਗ

ਕੋਈ ਵੀ ਚੀਜ਼ ਕੀਰਤਨ ਦੀ ਆਵਾਜ਼ ਵਿੱਚ ਰੁਕਾਵਟ ਨਾ ਪਾਵੇ ਨੂੰ ਧਿਆਨ ਵਿੱਚ ਰੱਖ ਕੇ ਹਰਿਮੰਦਰ ਸਾਹਿਬ ਦੇ ਭਵਨ ਨਿਰਮਾਣ ਦੀ ਸਿਰਜਨਾ ਹੋਈ

ਅੱਜ ਤੋਂ ਲਗਪਗ ਸਾਢੇ ਚਾਰ ਸੌ ਸਾਲ ਪਹਿਲੇ ਜਿਸ ਵਕਤ ਹਰਿਮੰਦਰ ਸਾਹਿਬ ਦੀ ਸਿਰਜਨਾ ਹੋਈ ਸੀ। ਉਸ ਸਮੇਂ ਆਵਾਜ਼ ਨੂੰ ਉੱਚਾ ਕਰਨ ਲਈ ਲਾਊਡ ਸਪੀਕਰ ਆਦਿ ਨਹੀਂ ਹੁੰਦੇ ਸਨ। ਮਨੁੱਖ ਆਪਣੀ ਗੱਲ ਨੂੰ ਦੂਜਿਆਂ ਤਕ ਪਹੁੰਚਾਣ ਲਈ ਆਪਣੇ ਗਲੇ ਦੇ ਜ਼ੋਰ 'ਤੇ ਹੀ ਨਿਰਭਰ ਕਰਦਾ ਸੀ। ਗੁਰੂ ਅਰਜਨ ਸਾਹਿਬ ਨੇ ਜਦ 500 ਫੁਟ ਲੰਮੇ ਤੇ 490 ਫੁਟ ਚੌੜੇ ਸਰੋਵਰ ਦੇ ਐਨ ਵਿਚਕਾਰ ਹਰਿਮੰਦਰ ਸਾਹਿਬ ਦੀ ਸਾਜਨਾ ਕੀਤੀ ਤਾਂ ਉਨ੍ਹਾਂ ਨੇ ਜਿਥੇ ਇਸ ਅਦਭੁਤ ਅਸਥਾਨ ਦੇ ਕਈ ਹੋਰ ਪਹਿਲੂਆਂ ਵੱਲ ਵਿਸ਼ੇਸ਼ ਧਿਆਨ ਦਿੱਤਾ ਉਥੇ ਇਸ ਗੱਲ ਨੂੰ ਵੀ ਧਿਆਨ 'ਚ ਰਖਿਆ ਕਿ ਹਰਿਮੰਦਰ ਸਾਹਿਬ ਦੇ ਅੰਦਰ ਅਤੇ ਬਾਹਰ ਲਗਦੀ ਪਰਕਰਮਾ ਵਿਚ ਬੈਠੀ ਸੰਗਤ ਤੋਂ ਇਲਾਵਾ ਜੇ ਹੋ ਸਕੇ ਤਾਂ ਸਰੋਵਰ ਦੇ ਕੰਢਿਆਂ ਤੇ ਬੈਠੇ ਸ਼ਰਧਾਲੂ ਵੀ ਕੀਰਤਨ ਦੀ ਆਵਾਜ਼ ਪਹੁੰਚ ਸਕੇ।

ਇਸ ਲਈ ਉਨ੍ਹਾਂ ਨੇ ਧੁਨੀ ਸਿਸਟਮ ਦੀ ਮਹਾਨਤਾ ਨੂੰ ਮੁੱਖ ਰਖਦਿਆਂ ਹੋਇਆਂ ਹਰਿਮੰਦਰ ਭਵਨ ਨਿਰਮਾਣ ਨੂੰ ਉਸ ਦੇ ਬਿਲਕੁਲ ਅਨੁਕੂਲ ਬਣਾਇਆ। ਭਵਨ ਦੀ ਉਚਾਈ ਬਾਰੀਆਂ ਦਰਵਾਜ਼ਿਆਂ ਦੀ ਲੰਬਾਈ ਚੌੜਾਈ ਤੇ ਉਚਾਈ ਦਾ ਧੁਨੀ ਤਕਨੀਕ ਦੇ ਪਖੋਂ ਪੂਰਾ ਪੂਰਾ ਹਿਸਾਬ ਰੱਖਿਆ ਗਿਆ। ਇਕ ਦਿਵਾਰ ਦਾ ਦੂਜੀ ਦੀਵਾਰ ਤੋਂ ਫਾਸਲਾ ਇਤਨਾ ਹੀ ਰਖਿਆ ਗਿਆ ਕਿ ਕੋਈ ਵੀ ਚੀਜ਼ ਕੀਰਤਨ ਦੀ ਆਵਾਜ਼ ਵਿੱਚ ਰੁਕਾਵਟ ਨਾ ਪਾਵੇ ਨਾ ਤਾਂ ਇਮਾਰਤੀ ਢਾਂਚੇ ਕਾਰਨ ਆਵਾਜ਼ ਫਟੇ ਨਾ ਹੀ ਗੂੰਜੇ ਸਗੋਂ ਹੋਰ ਮੁਲਾਇਮ ਹੋਕੇ ਵਧੇਰੇ ਸੁਰੀਲੀ ਹੋ ਜਾਵੇ। ਇਹ ਸਾਰਾ ਕਾਰਜ ਆਪਣੇ ਆਪ ਵਿਚ ਬਹੁਤ ਤਕਨੀਕੀ ਪ੍ਰਕਾਰ ਦਾ ਸੀ। ਸਰੋਤਿਆਂ ਨੂੰ ਇਵੇਂ ਮਹਿਸੂਸ ਹੁੰਦਾ ਸੀ ਕਿ ਇਲਾਹੀ ਬਾਨੀ ਦੇ ਮਨਮੋਹਕ ਕੀਰਤਨ ਦੀਆਂ ਧੁਨਾਂ ਆਕਾਸ਼ੋਂ ਉਤਰ ਕੇ ਵਾਤਾਵਰਣ ਨੂੰ ਰੱਬੀ ਪਿਆਰ ਨਾਲ ਭਰ ਰਹੀਆਂ ਹਨ। ਗੁਰੂ ਅਰਜਨ ਦੇਵ ਜੀ ਖੁੱਦ ਵੀ ਕੀਰਤਨ ਕਰਕੇ ਇਲਾਹੀ ਰੰਗ ਬੰਨ ਦੇਂਦੇ ਸਨ। ਉਨ੍ਹਾਂ ਨਾਲ ਜੋੜੀ ਤੇ ਸੰਗਤ ਭਾਈ ਗੁਰਦਾਸ ਜੀ ਕਰਦੇ ਸਨ ਅਤੇ ਬਾਬਾ ਬੁੱਢਾ ਜੀ ਰਬਾਬ ਵਜਾਉਂਦੇ ਸਨ। ਗੁਰੂ ਅਰਜਨ ਦੇਵ ਜੀ ਦੇ ਜੀਵਨ ਕਾਲ ਵਿਚ 7 ਕੀਰਤਨੀ ਜੱਥਿਆ ਵਿੱਚੋਂ 6 ਮੁਸਲਮਾਨ ਰਬਾਬੀ ਦਰਬਾਰ ਸਾਹਿਬ ਕੀਰਤਨ ਦੀ ਸੇਵਾ ਨਿਭਾਉਦੇਂ ਸਨ। ਸੰਨ 1900 ਦੇ ਆਸ ਪਾਸ 15 ਕੀਰਤਨੀ ਜਥੇ ਕੀਰਤਨ ਦੀ ਸੇਵਾ ਨਿਭਾਉਂਦੇ ਹੁੰਦੇ ਸਨ। ਕਹਿੰਦੇ ਹਨ ਜਦ ਭਾਈ ਮਨਸ਼ਾ ਸਿੰਘ ਜੀ ਕੀਰਤਨ ਕਰਦੇ ਸਨ ਤਾਂ ਮਹਾਰਾਜਾ ਰਣਜੀਤ ਸਿੰਘ ਦੇ ਨੇਤਰ ਗੁਰੂ ਦੇ ਸਤਿਕਾਰ ਵਿਚ ਨਮ ਹੋ ਜਾਂਦੇ ਸਨ। ਉਹ ਕੀਰਤਨ ਨੂੰ ਆਪਨੇ ਪ੍ਰਭੂ ਨਾਲ ਸੁਰ ਮਈ ਗੱਲਾਂ ਕਰਨ ਸਮਾਨ ਸਮਝਦੇ ਸਨ। ਦਰਬਾਰ ਸਾਹਿਬ ਦੇ ਕੀਰਤੀਏ ਵਡੇ ਵਡੇ ਸਰਦਾਰਾਂ ਦੀਆ ਹਵੇਲੀਆਂ ਵਿੱਚ ਕੀਰਤਨ ਕਰਨ ਦੀਆਂ ਪੇਸ਼ਕਸ਼ਾਂ ਇਹ ਕੇ ਠੁਕਰਾ ਦਿੰਦੇ ਕਿ ਉਹ ਤਾਂ ਦਰਬਾਰ ਸਾਹਿਬ ਵਿਚ ਹੀ ਆਪਣਾ ਗਲਾ ਖੋਲਣਗੇ। ਉਨਾਂ ਦੀ ਇਸ ਅਸਥਾਨ ਦੇ ਜਸ ਗਾਇਣ ਕਰਨ ਲਈ ਹੀ ਬੈ ਹੋਈ ਪਈ ਹੈ। ਇਕ ਦਿਨ ਸੰਗਤਾਂ ਨੇ ਮਹਾਰਾਜੇ ਨੂੰ ਸਹਿਜ ਸੁਭਾਏ ਇਹ ਕਿਹਾ ਕਿ ਭਾਈ ਮਨਸ਼ਾ ਸਿੰਘ ਵਰਗਾ ਰਾਗੀ ਹੋਣਾ ਬੜੀ ਮਹਾਨ ਗੱਲ ਹੈ ਪਰ ਉਸ ਉੱਤੇ ਗਰੀਬੀ ਦਾ ਬੋਝ ਹੈ। ਜਿਸ ਕਾਰਣ ਉਹ ਸਖਤ ਮੰਦਹਾਲੀ ਵਿੱਚ ਜੀਵਨ ਬਤੀਤ ਕਰ ਰਿਹਾ ਹੈ। ਮਹਾਰਾਜੇ ਨੇ ਜਦ ਇਹ ਗੱਲ ਸੁਣੀ ਤਾਂ ਉਸੇ ਵਕਤ ਭਾਈ ਮਨਸ਼ਾ ਸਿੰਘ ਦੇ ਅਰ ਪਹੁੰਚ ਗਿਆ ਦਰਵਾਜਾ ਖੜਕਾਣ ਤੇ ਮਨਸ਼ਾ ਸਿੰਘ ਨੂੰ ਦਸਿਆ ਗਿਆ ਕਿ ਮਹਾਰਾਜਾ ਰਣਜੀਤ ਸਿੰਘ ਉਸਦੀ ਮੱਦਦ ਕਰਨ ਲਈ ਆਇਆ ਹੈ। ਮਨਸ਼ਾ ਸਿੰਘ ਨੇ ਬੂਹਾ ਨਾ ਖੋਲਿਆ ਅਤੇ ਅਦਰੋਂ ਹੀ ਬੜੇ ਨਿਮਰ ਨਾਲ ਮਹਾਰਾਜੇ ਦਾ ਧੰਨਵਾਦ ਕਰ ਦਿੱਤਾ। ਮਹਾਰਾਜੇ ਨੇ ਤੁਰੰਤ ਅਨੁਮਾਨ ਲਗਾ ਲਿਆ ਕਿ ਗੁਰੂ ਦੀ ਸ਼ਰਨ ਵਿੱਚ ਜੀਂਦਾ ਮਨੁੱਖ ਅੰਦਰੋਂ ਬਾਹਰੋਂ ਕਿਤਨਾ ਰੱਜਿਆ ਹੋਇਆ ਅਤੇ ਤ੍ਰਿਪਤੀ ਹੁੰਦਾ ਹੈ।



ਇਕ ਵਾਰ ਰਬਿੰਦਰ ਨਾਥ ਟੈਗੋਰ ਨੇ ਦਰਬਾਰ ਸਾਹਿਬ ਭਾਈ ਸੁੰਦਰ ਸਿੰਘ ਦਾ ਕੀਰਤਨ ਸੁਣਿਆ ਤਾਂ ਉਹ ਕੀਰਤਨ ਦਾ ਦਿਵਾਨਾ ਹੋ ਗਿਆ । ਉਸਨੇ ਭਾਈ ਸੁੰਦਰ ਜੀ ਨੂੰ ਬੇਨਤੀ ਕੀਤੀ ਕਿ ਉਹ ਉਸਦੀ ਠਹਿਰ ਵਾਲੀ ਥਾਂ ਤੇ ਆਕੇ ਕੁਝ ਸਮਾਂ ਕੀਰਤਨ ਸੁਣਾ ਜਾਵੇ ਪਰ ਭਾਈ ਸਾਹਿਬ ਨੇ ਕਹਿ ਭੇਜਿਆ ਕਿ ਜੇਕਰ ਟੈਗੋਰ ਨੇ ਸੁੰਦਰ ਸਿੰਘ ਦਾ ਕੀਰਤਨ ਸਣਨਾ ਹੈ ਤਾ ਉਸਨੂੰ ਦਰਬਾਰ ਸਾਹਿਬ ਹੀ ਆਣਾ ਪਵੇਗਾ। ਬੰਗਾਲ ਵਾਪਿਸ ਜਾਣ ਲਗਿਆ ਉਸ ਨੇ ਕਿਹਾ ਕਿ ਜੇਕਰ ਭਾਈ ਸੁੰਦਰ ਸਿੰਘ ਦਰਬਾਰ ਸਾਹਿਬ ਵਿਚ ਕੀਰਤਨ ਦੀ ਸੇਵਾ ਨਾ ਕਰਦੇ ਹੁੰਦੇ ਤਾਂ ਮੈਂ ਇਹਨਾਂ ਨੂੰ ਚੁੱਕ ਕੇ ਅਪਣੇ ਨਾਲ ਲੈ ਜਾਂਦਾ। ਹੁਣ ਦਰਬਾਰ ਸਾਹਿਬ ਅਤਿ ਆਧੁਨਿਕ ਧੁਨੀ ਸਿਸਟਮ ਫਿਟ ਹੈ ਜਿਹੜਾ ਹੋਲੀ ਜਿਹੀ ਆਵਾਜ਼ ਨੂੰ ਬੜਾ ਸੂਖਮ ਮੁਲਿਇਮ ਤੇ ਸੁਰੀਲਾ ਬਣਾ ਕੇ ਸਾਰੇ ਪਰੀਸਰ ਵਿਚ ਇਵੇਂ ਖਿੰਡਾ ਦਿੰਦਾ ਹੈ ਜਿਵੇ ਹਵਾ ਦਾ ਇਕ ਝੌਕਾਂ ਫੁੱਲਾਂ ਦੀ ਮਹਿਕ ਨੂੰ ਸਭ ਪਾਸੇ ਖਿਲਾਰ ਦਿੰਦਾ ਹੈ। ਜਿਨਾਂ ਸੰਗਤਾਂ ਨੇ ਅਮ੍ਰਿਤ ਵੇਲੇ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਦੇ ਦਰਬਾਰ ਸਾਹਿਬ ਵੱਲ ਪਧਾਰਨ ਦੇ ਨਜਾਰੇ ਦੇ ਦਰਸ਼ਨ ਕੀਤੇ ਨੇ ਉਨਾਂ ਨੂੰ ਪਤਾ ਹੋਵੇਗਾ ਕਿ ਪਾਲਕੀ ਸਾਹਿਬ ਦੇ ਅੱਗੇ ਇਕ ਨੌਜਵਾਨ ਸ਼ਰਧਾਵਾਨ ਸਿੰਘ ਪੂਰੇ ਜ਼ੋਰ ਨਾਲ ਨਰਸਿੰਘਾ ਵਜਾਂਦਾ ਹੈ। ਜਦ ਉਸਦੇ ਨਰਸਿੰਘੇ ਦੀ ਆਵਾਜ਼ ਹਰਿਮੰਦਰ ਸਾਹਿਬ ਦੀਆਂ ਦਿਵਾਰਾਂ ਨਾਲ ਛੂੰਹਦੀ ਹੈ ਤਾਂ ਵਿਸਮਾਦੀ ਰੰਗ ਬੰਨ ਦਿੰਦੀ ਹੈ। ਇਵੇਂ ਲਗਦਾ ਹੈ ਕਿ ਪ੍ਰਮਾਤਮਾ ਖੁਦ ਗੁਰੂ ਗੰਥ ਸਾਹਿਬ ਜੀ ਦੇ ਸਤਿਕਾਰ ਵਿਚ ਆਪ ਆਕਾਸ਼ ਇਸ ਅਨਾਦੀ ਨਾਦ ਦਾ ਵਰਦਾਨ ਕਰ ਰਿਹਾ ਹੋਵੇ।



ੴ ਸਤਿਗੁਰ ਪ੍ਰਸਾਦਿ ॥
''ਧੰਨ ਧੰਨ ਬਾਬਾ ਨਰਾਇਣ ਹਰੀ ਜੀ'' ''ਧੰਨ ਧੰਨ ਬਾਬਾ ਪਾਲਾ ਸਿੰਘ ਜੀ''



ਗੁਰਦੁਆਰਾ ਬਾਬਾ ਪਾਲਾ ਸਿੰਘ ਜੀ ਕੜਿਆਲ

ਦੇਸ਼-ਵਿਦੇਸ਼ਾ ਵਿੱਚ ਵਸਦੇ ਸਮੂੰਹ ਪੰਜਾਬੀਆਂ ਨੂੰ ਲੋਹੜੀ ਅਤੇ ਮਾਘੀ ਦੇ ਪਵਿੱਤਰ ਦਿਹਾੜੇ ਦੀਆਂ ਲੱਖ-ਲੱਖ ਮੁਬਾਰਕਾਂ ਹੋਵਨ ਜੀ !



ਮੁੱਖ ਸੇਵਾਦਾਰ
ਸੰਤ ਬਾਬਾ ਪਵਨਦੀਪ ਸਿੰਘ ਜੀ
ਕੜਿਆਲ ਵਾਲੇ

Scanned with CamScanner

# ਧਾਰਮਿਕ ਸਰਗਰਮੀਆਂ



## ਸਾਹਿਬਜਾਦਿਆਂ ਦੀ ਸ਼ਹਾਦਤ ਨੂੰ ਸਿਜਦਾ ਕਰਨ ਲਈ ਡਾ. ਅਮਨਦੀਪ ਕੌਰ ਅਰੋੜਾ (ਐਮ.ਐਲ.ਏ. ਮੋਗਾ) ਵੱਲੋਂ ਕਰਵਾਇਆ ਗਿਆ ਧਾਰਮਿਕ ਸਮਾਗਮ



ਮੋਗਾ/ ਭਵਨਦੀਪ ਸਿੰਘ ਪੁਰਬਾ

ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਾਤਾ ਗੁਜਰ ਕੌਰ ਅਤੇ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਿਜਦਾ ਕਰਨ ਲਈ ਡਾ. ਅਮਨਦੀਪ ਕੌਰ ਅਰੋੜਾ (ਐਮ.ਐਲ.ਏ. ਮੋਗਾ) ਵੱਲੋਂ ਬੀਤੀ ਸ਼ਾਮ ਵਿਸ਼ਵਕਰਮਾ ਭਵਨ ਵਿਖੇ ਧਾਰਮਿਕ ਸਮਾਗਮ ਕਰਵਾਇਆ ਗਿਆ।

ਸ਼ਹੀਦੀ ਸਮਾਗਮ ਦੌਰਾਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕੀਤੇ ਗਏ ਅਤੇ ਰਾਗੀ ਜਥਿਆਂ ਨੇ ਵੈਰਾਗਮਈ ਕੀਰਤਨ ਕਰਦਿਆਂ ਗੁਰਬਾਣੀ ਗਾਇਨ ਕੀਤਾ। ਇਸ ਮੌਕੇ ਨੌਜਵਾਨਾਂ ਨੇ ਕਵੀਸ਼ਰੀਆਂ ਅਤੇ ਗਾਇਕ ਕਲਾਕਾਰਾਂ ਨੇ ਸਿੱਖ ਇਤਿਹਾਸ ਵਿਚੋਂ ਬੀਰਰਸੀ ਰਚਨਾਵਾਂ ਨਾਲ ਸੰਗਤਾਂ ਨੂੰ ਪ੍ਰਭਾਵਿਤ ਕੀਤਾ।

ਕਥਾਵਾਚਕ ਵੱਲੋਂ ਸਰਬੰਸ ਦਾਨੀ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੁੱਚੇ ਪਰਿਵਾਰ ਦੇ ਖੇਰੂੰ ਖੇਰੂੰ ਹੋਣ ਅਤੇ ਅਨੇਕਾਂ ਸਿੰਘਾਂ ਦੀਆਂ ਕੁਰਬਾਨੀਆਂ ਦਾ ਇਤਿਹਾਸ ਸੰਗਤਾਂ ਨੂੰ ਸਰਵਣ ਕਰਵਾਇਆ ਗਿਆ।

ਸ਼ਾਮ 5 ਵਜੇ ਆਰੰਭ ਹੋ ਕੇ ਰਾਤ 9 ਵਜੇ ਸੰਪੂਰਨ ਹੋਏ ਇਸ ਸਮਾਗਮ ਦੌਰਾਨ ਆਮ ਆਦਮੀ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਤੋਂ ਇਲਾਵਾ ਸ਼ਹਿਰਵਾਸੀ ਪਾਰਟੀ ਪੱਧਰ ਤੋਂ ਉੱਪਰ ਉੱਠ ਕੇ ਸਮਾਗਮ ਵਿਚ ਸ਼ਾਮਲ ਹੋਏ ਅਤੇ ਗੁਰੂ ਚਰਨਾਂ ਵਿਚ ਨਤਮਸਤਕ ਹੋ ਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਆਸ਼ੀਰਵਾਦ ਲੈਂਦਿਆਂ ਮਹਾਨ ਸ਼ਹੀਦਾਂ ਨੂੰ ਕੋਟਿ ਕੋਟਿ ਪ੍ਰਣਾਮ ਕੀਤਾ। ਸਮਾਗਮ ਦੇ ਅੰਤ ਵਿਚ ਵਿਧਾਇਕਾ ਡਾ: ਅਮਨਦੀਪ ਕੌਰ ਅਰੋੜਾ ਦੇ ਪਤੀ ਡਾ: ਰਾਕੇਸ਼ ਅਰੋੜਾ ਨੇ ਸਿੱਖ ਜਥੇਬੰਦੀਆਂ ਦੇ ਸਹਿਯੋਗ ਨਾਲ ਲੰਗਰ ਦੀ ਸੇਵਾ ਨਿਭਾਉਂਦਿਆਂ ਆਖਿਆ ਕਿ ਛੋਟੇ ਸਾਹਿਬਜ਼ਾਦਿਆਂ ਦੀ ਕੌਮ ਪ੍ਰਤੀ ਸ਼ਹਾਦਤ ਦੀ ਮਿਸਾਲ ਕਿਧਰੇ ਨਹੀਂ ਮਿਲਦੀ।




ਡਾ: ਰਾਕੇਸ਼ ਅਰੋੜਾ ਨੇ ਆਖਿਆ ਕਿ ਜਿਸ ਸ਼ਿੱਦਤ ਨਾਲ ਸਾਹਿਬਜ਼ਾਦਿਆਂ ਨੇ ਖਾਲਸਾ ਪੰਥ ਪ੍ਰਤੀ ਆਪਣਾ ਫ਼ਰਜ਼ ਨਿਭਾਇਆ ਹੈ ਉਸ ਲਈ ਸਿੱਖ ਕੌਮ ਉਨ੍ਹਾਂ ਦੀ ਸਦਾ ਰਿਣੀ ਰਹੇਗੀ ਅਤੇ ਸਾਡਾ ਫਰਜ਼ ਬਣਦਾ ਹੈ ਕਿ ਗੁਰੂ ਸਾਹਿਬਾਨ ਵੱਲੋਂ ਬਖਸ਼ੀ ਜੀਵਨ ਸ਼ੈਲੀ ਮੁਤਾਬਕ ਜੀਵਨ ਬਤੀਤ ਕਰਨ ਦੀ ਕੋਸ਼ਿਸ਼ ਕਰੀਏ।







## ਮਾਘ ਦਾ ਮਹੀਨਾ ਗੁਰਮਤਿ ਵਿਚ ਵਿਸ਼ੇਸ਼ ਮਹੱਤਤਾ ਰੱਖਦਾ ਹੈ - ਬਾਬਾ ਗੁਰਦੀਪ ਸਿੰਘ



ਚੰਦ ਪੁਰਾਣਾ/ ਭਵਨਦੀਪ ਸਿੰਘ ਪੁਰਬਾ

ਮਾਲਵੇ ਦੇ ਪ੍ਰਸਿੱਧ ਧਾਰਮਿਕ ਅਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ (ਤਪ ਅਸਥਾਨ ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਜੀ) ਚੰਦ ਪੁਰਾਣਾ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਾਘੀ ਦਾ ਪਵਿੱਤਰ ਦਿਹਾੜਾ ਮੁੱਖ ਸੇਵਾਦਾਰ ਸੰਤ ਗੁਰਦੀਪ ਸਿੰਘ ਜੀ ਦੀ ਸ੍ਰਪਰਸਤੀ ਵਿਚ ਬਹੁਤ ਹੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਜਾਵੇਗਾ।

ਮਾਘੀ ਦੇ ਪਵਿੱਤਰ ਦਿਹਾੜੇ ਸਬੰਧੀ ਮੁੱਖ ਸੇਵਾਦਾਰ ਸੰਤ ਗੁਰਦੀਪ ਸਿੰਘ ਜੀ ਨੇ ਦੱਸਿਆ ਕਿ ਸ਼ਹੀਦਾਂ ਦੇ ਇਸ ਪਵਿੱਤਰ ਅਸਥਾਨ ਤੇ ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਜੀ ਦੀ ਚਲਾਈ ਹੋਈ ਪ੍ਰੰਪਰਾ ਅਨੁਸਾਰ ਲੋਹੜੀ ਅਤੇ ਮਾਘੀ ਦੇ ਤਿਉਹਾਰ ਤੇ ਔਰਤਾਂ ਦਾ ਸਨਮਾਨ ਕੀਤਾ ਜਾਦਾ ਹੈ। ਭਰੂਣ ਹੱਤਿਆ ਰੋਕਣ ਲਈ ਅਤੇ ਔਰਤ ਜਾਤੀ ਦੇ ਸਮਾਜ ਵਿੱਚ ਬਰਾਬਰ ਦੇ ਹੱਕਾਂ ਲਈ ਇਸ ਅਸਥਾਨ ਤੇ ਲੋਹੜੀ ਵਾਲੇ ਦਿਨ ਇਲਾਕੇ ਭਰ 'ਚੋਂ ਬੀਬੀਆਂ-ਭੈਣਾਂ ਇਕੱਠਿਆਂ ਹੋ ਕੇ ਲੋਹੜੀ ਲਾਉਂਦੀਆਂ ਹਨ, ਗੀਤ ਗਾਉਂਦੀਆਂ ਹਨ। ਇਸ ਮੌਕੇ ਮੂੰਗਫਲੀ ਰਿਉੜੀਆਂ ਵੰਡੀਆਂ ਜਾਂਦੀਆਂ ਹਨ ਅਤੇ ਇਸ ਦਿਨ ਬੱਚੀਆਂ ਨੂੰ ਜਨਮ ਦੇਣ ਵਾਲੀਆਂ ਬੀਬੀਆਂ ਦਾ ਕੇਸਰੀ ਦੁਪੱਟੇ ਦੇ ਕੇ ਵਿਸ਼ੇਸ਼ ਸਨਮਾਨ ਕੀਤਾ ਜਾਦਾ ਹੈ।

ਇਸੇ ਤਰ੍ਹਾਂ ਇਸ ਅਸਥਾਨ ਤੇ ਮਾਘੀ ਦਾ ਦਿਹਾੜਾ ਵੀ ਬਹੁਤ ਵੱਡੀ ਪੱਧਰ ਤੇ ਮਨਾਇਆ ਜਾਂਦਾ ਹੈ। ਇਸ ਮੌਕੇ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਦਾ ਇਕੱਠ ਹੁੰਦਾ ਹੈ ਕਿਉਂਕਿ ਮਾਘ ਦਾ ਮਹੀਨਾ ਗੁਰਮਤਿ ਵਿਚ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਬਾਬਾ ਗੁਰਦੀਪ ਸਿੰਘ ਜੀ ਵੱਲੋਂ ਦੇਸ਼ਾਂ-ਵਿਦੇਸ਼ਾਂ ਵਿਚ ਵੱਸਦੀ ਸਾਧ-ਸੰਗਤ ਨੂੰ ਲੋਹੜੀ ਅਤੇ ਮਾਘੀ ਦੀ ਵਧਾਈ ਦਿੱਤੀ ਗਈ।

## ਪੰਥਕ ਮਸਲਿਆਂ ਨੂੰ ਲੈ ਕੇ ਵਿਚਾਰਾ, ਆਗੂਆ ਵੱਲੋਂ ਗੁਰਦੁਆਰਾ ਪ੍ਰਬੰਧਾਂ ਨੂੰ ਭ੍ਰਿਸ਼ਟ ਲੋਕਾਂ ਤੋ ਅਜਾਦ ਕਰਾਉਣ ਦਾ ਫੈਸਲਾ

### ਜੱਥੇ: ਭਾਈ ਜਗਤਾਰ ਸਿੰਘ ਹਵਾਰਾ ਸਮੇਤ ਸਰਕਾਰ ਸਾਰੇ ਬੰਦੀ ਸਿੰਘ ਤੁਰੰਤ ਰਿਹਾਅ ਕਰੇ -ਬਾਬਾ ਬਲਦੇਵ ਸਿੰਘ ਜੋਗੇਵਾਲਾ, ਬਾਬਾ ਰੇਸ਼ਮ ਸਿੰਘ ਖੁਖਰਾਣਾ

ਖੁਖਰਾਣਾ (ਮੋਗਾ) / ਰਾਜਿੰਦਰ ਸਿੰਘ ਕੋਟਲਾ



ਗੁਰਦੁਆਰਾ ਦੁੱਖ ਭੰਜਣਸਰ ਖੁਖਰਾਣਾ (ਮੋਗਾ) ਵਿਖੇ ਬਾਬਾ ਰੇਸ਼ਮ ਸਿੰਘ ਖੁਖਰਾਣਾ ਦੇ ਨਿਵਾਸ ਅਸਥਾਨ ਤੇ ਪੰਥਕ ਆਗੂ ਸਿੰਘ ਸਾਹਿਬ ਭਾਈ ਅਮਰੀਕ ਸਿੰਘ ਜੀ ਅਜਨਾਲਾ ਖਾੜਕੂ ਸੰਘਰਸ ਦੇ ਰੂਹ-ਏ-ਰਵਾਂ ਭਾਈ ਦਲਜੀਤ ਸਿੰਘ ਬਿੱਟੂ ਇਲਾਕੇ ਦੀਆਂ ਦੋ ਧਾਰਮਿਕ ਸ਼ਖ਼ਸੀਅਤਾਂ ਸੰਤ ਬਾਬਾ ਬਲਦੇਵ ਸਿੰਘ ਜੀ ਦਮਦਮੀ ਟਕਸਾਲ ਜੋਗੇ-ਵਾਲਾ, ਬਾਬਾ ਰੇਸ਼ਮ ਸਿੰਘ ਖੁਖਰਾਣਾ ਮੁੱਖ ਸੇਵਾਦਾਰ ਗੁ: ਦੁਖਭੰਜਨਸਰ ਸਾਹਿਬ ਖੁਖਰਾਣਾ ਦੇ ਵਿਚਕਾਰ ਕਈ ਅਹਿਮ ਪੰਥਕ ਮਸਲਿਆਂ ਨੂੰ ਲੈ ਕੇ ਵਿਚਾਰ ਵਿਟਾਂਦਰਾ ਕੀਤਾ ਗਿਆ। ਮੌਜੂਦਾ ਸਮੇ ਧਾਰਮਿਕ ਤੇ ਸਿਆਸੀ ਹਲਾਤਾਂ ਅਤੇ ਆਉਣ ਵਾਲੇ ਸਮੇਂ ਚ ਉੱਭਰ ਰਹੀਆਂ ਚੁਣੌਤੀਆਂ ਤੇ ਵਿਸ਼ੇਸ਼ ਤੌਰ ਚਰਚਾ ਕੀਤੀ ਗਈ। ਖਾਸ ਤੌਰ ਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਵਾਰ ਵਾਰ ਦੁਰਵਰਤੋਂ ਗੁਰਦੁਆਰਾ ਪ੍ਰਬੰਧਾਂ ਚ ਨਿਘਾਰ ਭ੍ਰਿਸ਼ਟਾਚਾਰ ਦੇ ਮੁੱਦੇ ਤੇ ਵਿਚਾਰ ਚਰਚਾ ਕੀਤੀ ਗਈ।

ਸਭ ਤੋ ਵੱਡੀ ਗੱਲ ਇਹ ਸੀ ਕਿ ਭਾਈ ਦਲਜੀਤ ਸਿੰਘ ਬਿੱਟੂ ਭਾਈ ਅਮ੍ਰੀਕ ਸਿੰਘ ਜੀ ਅਜਨਾਲਾ ਨੇ ਸਾਰੇ ਪੰਥਕ ਮਸਲਿਆਂ ਤੇ ਇਕੱਠੇ ਹੋ ਕੇ ਚੱਲਣ ਅਤੇ ਇੱਕ ਦੂਜੇ ਦਾ ਸਹਿਯੋਗ ਦੇਣ ਦਾ ਫੈਸਲਾ ਕੀਤਾ। ਸਾਰੇ ਪੰਥਕ ਆਗੂਆਂ ਨੇ ਜਿਥੇ ਤਖਤ ਸ੍ਰੀ ਪਟਨਾ ਸਾਹਿਬ ਦੇ ਸਬੰਧ ਚ ਇੱਕ ਤਰਫਾ ਦਿੱਤੇ ਫੈਸਲੇ ਤੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਬਾਦਲਾਂ ਨੂੰ ਲਾਭ ਪਚਾਉਣ ਵਾਲੀ ਕਾਰਵਾਈ ਕਰਾਰ ਦਿੱਤਾ। ਉੱਥੇ ਪ੍ਰਬੰਧਕ ਧਿਰ ਦੀ ਕਾਰਵਾਈ ਨੂੰ ਵੀ ਨਿਰਾਸ਼ਾਜਨਕ ਦੱਸਿਆ। ਹਾਜਰ ਆਗੂਆ ਨੇ ਕਿਹਾ ਕਿ ਇਨਾਂ ਸਾਰੇ ਮਸਲਿਆਂ ਦਾ ਇੱਕੋ ਇੱਕ ਹੱਲ ਸ੍ਰੀ ਅਕਾਲ ਤਖਤ ਸਾਹਿਬ ਅਤੇ ਗੁਰਦੁਆਰਾ ਪ੍ਰਬੰਧਾਂ ਨੂੰ ਭ੍ਰਿਸ਼ਟ ਲੋਕਾ ਤੋ ਅਜਾਦ ਕਰਵਾਉਣਾ ਹੈ। ਉਨ੍ਹਾਂ ਕਿਹਾ ਅਸੀ ਹਰੇਕ ਪੰਥ ਦਰਦੀ ਅਤੇ ਗੁਰੂ ਸਾਹਿਬ ਤੇ ਭਰੋਸਾ ਰੱਖਣ ਵਾਲੀਆਂ ਸ਼ਖ਼ਸੀਅਤਾਂ ਸਾਧੂ ਸੰਤਾਂ ਨਿਰਮਲੇ ਨਾਨਕਸਰ ਵਾਲੇ ਨਿਹੰਗ ਸਿੰਘ ਜਥੇਬੰਦੀਆਂ ਕਾਰ ਸੇਵਾ ਵਾਲੇ ਮਹਾਂਪੁਰਸ਼ਾਂ ਸਮੂੰਹ ਸੰਪਰਦਾਵਾਂ ਪੰਥ ਦੇ ਵਿਹੜੇ 'ਚ ਵਿਚਰਨ ਵਾਲੀਆਂ ਜਥੇਬੰਦੀਆਂ ਦਾ ਦਰਵਾਜਾ ਖੜਕਾਵਾਂਗੇ। ਸਭ ਨੂੰ ਨਾਲ ਲੈ ਕੇ ਚੱਲਣ ਦਾ ਜਤਨ ਕਰਾਂਗੇ।

ਇਸ ਮੌਕੇ ਸੰਤ ਬਾਬਾ ਬਲਦੇਵ ਸਿੰਘ, ਬਾਬਾ ਰੇਸ਼ਮ ਸਿੰਘ ਖੁਖਰਾਣਾ ਅਤੇ ਸਾਰੇ ਅਗੂਆਂ ਨੇ ਇੱਕ ਜੁੱਟ ਹੋ ਕੇ ਸਰਬੱਤ ਖਾਲਸਾ ਵੱਲੋਂ ਥਾਪੇ ਗਏ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਸਾਹਿਬ ਜੀ ਦੇ ਜੱਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਸਮੇਤ ਸਾਰੇ ਬੰਦੀ ਸਿੰਘਾਂ ਦੀ ਰਿਹਾਈ ਲਈ ਜ਼ੋਰਦਾਰ ਤਰੀਕੇ ਨਾਲ ਅਵਾਜ ਉਠਾਈ।

## ਸਾਹਿਬਜਾਦਿਆਂ ਦੀ ਸ਼ਹਾਦਤ ਨੂੰ ਸਿਜਦਾ ਕਰਨ ਲਈ ਜਨੇਰ ਟਕਸਾਲ ਵਿਖੇ ਧਾਰਮਿਕ ਸਮਾਗਮ

### ਬਾਬਾ ਮਹਿੰਦਰ ਸਿੰਘ ਜਨੇਰ ਵੱਲੋਂ ਭਾਈ ਹਰਪ੍ਰੀਤ ਸਿੰਘ ਡੋਨੀ ਦਾ ਵਿਸ਼ੇਸ਼ ਸਨਮਾਨ

ਮੋਗਾ/ ਭਵਨਦੀਪ ਸਿੰਘ ਪੁਰਬਾ



ਪਿਛਲੇ ਕੁੱਝ ਹਫਤਿਆ ਦੌਰਾਨ ਸਮੁੱਚੇ ਪੰਜਾਬ ਵਿੱਚ ਸਾਹਿਬਜਾਦਿਆਂਦੀ ਸ਼ਹਾਦਤ ਨੂੰ ਸਿਜਦਾ ਕਰਦਿਆ ਜਗ੍ਹਾ-ਜਗ੍ਹਾ ਕਈ ਧਾਰਮਿਕ ਸਮਾਗਮ ਕਰਵਾਏ ਜਾ ਰਹੇ ਹਨ। ਇਸੇ ਲੜੀ ਤਹਿਤ ਜਨੇਰ ਟਕਸਾਲ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਹਿਬਜਾਦਿਆਂ ਦੀ ਸ਼ਹਾਦਤ ਨੂੰ ਸਿਜਦਾ ਕਰਨ ਲਈ ਧਾਰਮਿਕ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਇਲਾਕੇ ਭਰ ਦੇ ਕਈ ਸੰਤਾ, ਮਹਾਪੁਰਖਾ ਅਤੇ ਧਾਰਮਿਕ ਸਖਸ਼ੀਅਤਾ ਨੇ ਇਸ ਸਮਾਗਮ ਵਿੱਚ ਹਾਜਰ ਭਰੀ।

ਜਨੇਰ ਟਕਸਾਲ ਦੇ ਮੁੱਖ ਸੇਵਾਦਾਰ ਬਾਬਾ ਮਹਿੰਦਰ ਸਿੰਘ ਜੀ ਦੇ ਵਿਸ਼ੇਸ਼ ਸੱਦੇ ਤੇ ਸੱਚਖੰਡ ਵਾਸੀ ਸੰਤ ਬਾਬਾ ਬਲਦੇਵ ਸਿੰਘ ਜੀ ਮੰਡੀਰਾਂ ਵਾਲਿਆਂ ਦੇ ਸਭ ਤੋਂ ਖਾਸ ਸੇਵਕ ਭਾਈ ਹਰਪ੍ਰੀਤ ਸਿੰਘ 'ਡੋਨੀ' ਚੜਿੱਕ ਇਸ ਧਾਰਮਿਕ ਸਮਾਗਮ ਵਿੱਚ ਉਚੇਚੇ ਤੌਰ ਤੇ ਹਾਜਰ ਹੋਏ। ਮੁੱਖ ਸੇਵਾਦਾਰ ਬਾਬਾ ਮਹਿੰਦਰ ਸਿੰਘ ਜੀ ਨੇ ਭਾਈ ਹਰਪ੍ਰੀਤ ਸਿੰਘ 'ਡੋਨੀ' ਨੂੰ ਇਸ ਧਾਰਮਿਕ ਸਮਾਗਮ ਵਿੱਚ ਉਚੇਚੇ ਤੌਰ ਤੇ ਹਾਜਰ ਦੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਲਵਪ੍ਰੀਤ ਲਵਲੀ, ਗ੍ਰੰਥੀ ਭਾਈ ਗੁਰਪ੍ਰੀਤ ਸਿੰਘ ਬਠਿੰਡਾ ਆਦਿ ਮੁੱਖ ਤੌਰ ਤੇ ਹਾਜਰ ਸਨ।

Scanned with CamScanner




# ਲੋਹੜੀਆਂ ਹੁਣ ਥੋੜ੍ਹੀਆਂ ਦਿਖਾਵੇ ਬਥੇਰੇ



ਲੋਹੜੀ ਤਕਰੀਬਨ ਸਾਰੇ ਭਾਰਤ ਵਿਚ ਮਨਾਈ ਜਾਂਦੀ ਹੈ। ਪਰ ਪੰਜਾਬ ਵਿਚ ਖਾਸ ਕਰ ਪਿੰਡਾਂ ਵਿਚ ਲੋਹੜੀ ਮਨਾਉਣ ਦਾ ਢੰਗ ਤਰੀਕਾ ਬੜਾ ਸਾਦਾ ਪਰ ਮਿਲਵਰਤਣ ਵਾਲਾ ਰਿਹਾ ਹੈ ਤੇ ਕਾਫੀ ਹੱਦ ਤੱਕ ਅੱਜ ਵੀ ਹੈ। ਭਾਵੇਂ ਪਿੰਡਾਂ ਦੇ ਲੋਕ ਵੀ ਹੁਣ ਸ਼ਹਿਰੀਆਂ ਵਾਂਗੂੰ 'ਕੱਲੋ-ਮੱਲ੍ਹੜੇ ਜਿਹੇ ਸੁਭਾਅ ਵਾਲੇ ਹੋ ਗਏ ਨੇ ਪਰ ਅਜਿਹੇ ਮੌਕੇ ਦੋ ਚਾਰ ਘਰ ਹੁਣ ਵੀ ਜੁੜ ਹੀ ਬੈਠਦੇ ਨੇ। ਪਿੰਡਾਂ ਵਿਚ ਦਿਖਾਵੇ ਨਾਲੋਂ ਮਿਲਵਰਤਣ ਜ਼ਿਆਦਾ ਹੁੰਦੀ ਹੈ। ਲੋਹੜੀ ਦੇ ਤਿਉਹਾਰ ਨਾਲ ਕਈ ਇਤਿਹਾਸਕ ਜਾਂ ਮਿਥਿਹਾਸਕ ਕਥਾ ਕਹਾਣੀਆਂ ਵੀ ਜੁੜੀਆਂ ਹੁੰਦੀਆਂ ਨੇ ਜੋ ਪਿੰਡਾਂ ਵਿਚ ਆਮ ਹੀ ਪ੍ਰਚਲਿਤ ਹੋ ਜਾਂਦੀਆਂ ਨੇ ਤੇ ਪੀੜ੍ਹੀ-ਦਰ-ਪੀੜ੍ਹੀ ਚੱਲੀ ਜਾਂਦੀਆਂ ਨੇ। ਮੈਂ ਇਤਿਹਾਸ ਤੇ ਮਿਥਿਹਾਸ ਤੋਂ ਹੱਟ ਕੇ ਹੀ ਗੱਲਾਂ ਕਰਾਂਗੀ। ਆਪਣੇ ਪੇਂਡੂ ਸੱਭਿਆਚਾਰ ਦੀ ਤੇ ਭਾਈਚਾਰੇ ਦੀ ਜਿਸ ਵਿੱਚੋਂ ਮੋਹ ਮੁਹੱਬਤ ਤੇ ਭਾਈਚਾਰਕ ਸਾਂਝ ਝਲਕਦੀ ਹੈ।

ਲੋਹੜੀ ਪੋਹ ਦੇ ਅਖ਼ੀਰਲੇ ਦਿਨ ਬਾਰਾਂ ਜਾਂ ਤੇਰਾਂ ਜਨਵਰੀ ਨੂੰ ਹੁੰਦੀ ਹੈ। ਪਿੰਡਾਂ ਵਿਚ ਬੱਚੇ ਇਕ ਦਿਨ ਦੋ ਦਿਨ ਪਹਿਲਾਂ ਹੀ ਲੋਹੜੀ ਬਾਲਣ ਲਈ, ਛੋਟੀਆਂ-ਮੋਟੀਆਂ ਲੱਕੜਾਂ, ਪਾਥੀਆਂ, ਤਿਲਛਟੇ ਜਾਂ ਮੱਕੀ ਦੇ ਸੁੱਕੇ ਟਾਂਡੇ ਇਕੱਠੇ ਕਰਨ ਲੱਗ ਪੈਂਦੇ। ਕੁਝ ਤਾਈਆਂ, ਚਾਚੀਆਂ, ਦਾਦੀਆਂ ਤੇ ਭਾਬੀਆਂ ਤੋਂ ਘਰਾਂ 'ਚੋਂ ਲੈ ਆਉਂਦੇ ਕੁਝ ਆਪੇ ਹੀ ਜਾਂ ਕਿਸੇ ਸੁਆਣੀ ਦੇ ਆਖੇ ਤੋਂ ਉਨ੍ਹਾਂ ਦੇ ਵਾੜਿਓਂ ਗੁਹਾਰਿਓਂ ਲੈ ਆਉਂਦੇ। ਪੰਜ ਸੱਤ ਘਰਾਂ ਦੇ ਬੱਚੇ ਟੋਲੀਆਂ ਬਣਾ ਕੇ ਬਾਲਣ ਇਕੱਠਾ ਕਰਦੇ ਤੇ ਇਕ ਜਗ੍ਹਾ ਢੇਰੀ ਲਾਈ ਜਾਂਦੇ। ਜਿਸ ਟੋਲੀ ਦੀ ਢੇਰੀ ਵੱਡੀ ਹੋਣੀ ਉਸ ਦੀ ਬੜੀ ਟੌਹਰ ਹੋਣੀ। ਵਾਹ ਲੱਗਦੀ ਆਪਣੀ ਢੇਰੀ ਦੀ ਰਾਖੀ ਕੀਤੀ ਜਾਂਦੀ ਕਿ ਕਿਤੇ ਦੂਜੀ ਟੋਲੀ ਵਾਲੇ ਚੁੱਕ ਚੁਰਾ ਨਾ ਲੈਣ। ਇਹ ਸ਼ਰਾਰਤ ਕਈ ਵਾਰ ਹੋ ਵੀ ਜਾਂਦੀ। ਮੁੰਡੇ ਕੁੜੀਆਂ ਰਲ਼ ਕੇ ਬਾਲਣ ਇਕੱਠਾ ਕਰਦੇ ਤੇ ਉਨ੍ਹਾਂ ਨੂੰ ਵਿਆਹ ਵਰਗਾ ਚਾਅ ਤੇ ਉਮਾਹ ਹੁੰਦਾ। ਕਿਹੋ ਜਿਹੇ ਰੌਣਕ ਵਾਲੇ ਦਿਨ ਹੁੰਦੇ ਸਨ। ਆਪਸੀ ਮੇਲ ਜੋਲ ਹੁੰਦਾ ਸੀ ਤੇ ਗੂੜ੍ਹੀਆਂ ਸਾਂਝਾ ਹੁੰਦੀਆਂ ਸਨ।

ਹਰ ਘਰ ਵਿਚ ਘਰ ਦੇ ਦੁੱਧ ਦਾ ਖੋਆ ਕੱਢਿਆ ਜਾਂਦਾ। ਜੇ ਕਿਸੇ ਪਰਿਵਾਰ ਦੇ ਘਰ ਦੁੱਧ ਥੋੜ੍ਹਾ ਹੁੰਦਾ ਤਾਂ ਆਂਢ-ਗੁਆਂਢ ਜਾਂ ਸ਼ਰੀਕੇ ਭਾਈਚਾਰੇ ਵਾਲੀਆਂ ਸੁਆਣੀਆਂ ਮੱਲੋ-ਮੱਲੀ ਉਨ੍ਹਾਂ ਦੇ ਘਰ ਖੋਏ ਲਈ ਦੁੱਧ ਭੇਜ ਦੇਂਦੀਆਂ। ਕੜਾਕੇ ਦੀ ਠੰਢ 'ਚ ਸਾਰਾ ਟੱਬਰ ਚੁੱਲ੍ਹੇ ਦੁਆਲੇ ਇਕੱਠਾ ਹੋ ਕੇ ਨਾਲੇ ਸੇਕੀ ਜਾਂਦਾ, ਨਾਲੇ ਗਾਜਰਾਂ ਕੱਦੂ-ਕੱਸ ਕਰਕੇ ਦੁੱਧ ਦੀ ਕੜਾਹੀ ਵਿਚ ਪਾਈ ਜਾਂਦਾ ਤੇ ਗਜਰੇਲਾ ਬਣ ਜਾਂਦਾ। ਘਰ ਦੀ ਸ਼ੱਕਰ ਜਾਂ ਦੇਸੀ ਖੰਡ ਵਾਲਾ ਉਹ ਗਜਰੇਲਾ ਅੱਜ ਦੇ ਕਾਜੂ ਬਦਾਮਾਂ ਵਾਲੇ ਤੇ ਸੌਗੀ ਵਾਲੇ ਗਜਰੇਲੇ ਨੂੰ ਮਾਤ ਪਾਉਂਦਾ। ਆਮ ਤੌਰ 'ਤੇ ਖੋਏ ਦੀਆਂ ਪਿੰਨੀਆਂ ਹੀ ਬਣਾਈਆਂ ਜਾਂਦੀਆਂ। ਸੌਣੀ ਦੀ ਫ਼ਸਲ 'ਚ ਤਿਲ ਘਰਾਂ ਵਿਚ ਆਮ ਹੀ ਹੁੰਦੇ। ਕਈ ਘਰਾਂ ਵਿਚ ਉੱਖਲੀ ਵਿਚ ਮੂਲ੍ਹੇ ਨਾਲ ਤਿਲ ਕੁੱਟੇ ਜਾਂਦੇ ਤੇ ਖੋਏ 'ਚ ਰਲਾ ਕੇ 'ਭੁੱਗਾ' ਬਣਾਇਆ ਜਾਂਦਾ। ਪਿੰਨੀਆਂ ਹੁੰਦੀਆਂ ਜਾਂ ਭੁੱਗਾ ਇਨ੍ਹਾਂ ਵਿਚ ਘਰ ਦੀ ਸ਼ੱਕਰ ਖੰਡ ਹੀ ਪਾਈ ਜਾਂਦੀ, ਨਾ ਹੋਈ ਵਾਲੇ ਦੂਜੇ ਤੋਂ ਉਧਾਰ ਸਧਾਰ ਲੈ ਲੈਂਦੇ ਜਾਂ ਅਜਿਹੀਆਂ ਲੋੜਾਂ ਸ਼ਰੀਕੇ ਭਾਈਚਾਰੇ ਵਾਲੇ ਉਂਜ ਹੀ ਪੂਰ ਦੇਂਦੇ। ਸਭ ਤੋਂ ਵੱਧ ਜੋ ਲੋਹੜੀ ਤੇ ਬਣਾਈ ਜਾਣ ਵਾਲੀ ਵਿਸ਼ੇਸ਼ 'ਆਈਟਮ' ਮੈਨੂੰ ਯਾਦ ਆਉਂਦੀ ਹੈ ਉਹ ਹੁੰਦੇ ਸਨ ਤਲੋਏ... ਜੋ ਤਕਰੀਬਨ ਹਰ ਘਰ ਵਿਚ ਬਣਦੇ। ਚੁਲ੍ਹੇ ਤੇ ਧਰੀ ਕੜਾਹੀ ਵਿਚ ਤਿੜਕਦੇ ਤਿਲ ਮੇਰੇ ਚੇਤਿਆਂ ਵਿਚ ਅੱਜ ਵੀ ਚਟਕਦੇ ਰਹਿੰਦੇ ਨੇ। ਤਿਲ ਭੁੰਨ ਕੇ ਕਿਸੇ ਬਰਤਨ ਵਿਚ ਕੱਢ ਲੈਣੇ ਬੀ-ਜੀ ਹੋਰਾਂ ਦੇ ਰੋਕਦਿਆਂ ਵੀ ਅਸੀਂ ਕਾਵਾਂ ਵਾਂਗ ਪੈਣਾ ਤੇ ਮੁੱਠੀਆਂ ਭਰ-ਭਰ ਫੱਕੇ ਮਾਰਨੇ। ਫਿਰ ਉਸੇ ਕੜਾਹੀ ਵਿਚ ਗੁੜ ਭੰਨ ਕੇ ਪਾ ਦੇਣਾ ਤੇ ਚਾਹਣੀ ਬਣਾਉਣੀ। ਭੁੰਨੇ ਹੋਏ ਤਿਲ ਉਸ ਵਿਚ ਪਾ ਕੇ ਰਲਾ ਦੇਣੇ ਤੇ ਫਿਰ ਉਨ੍ਹਾਂ ਦੇ ਵੀ ਲੱਡੂ ਜਿਹੇ ਵੱਟ ਲੈਣੇ ਜਿਨ੍ਹਾਂ ਨੂੰ ਤਲੋਏ ਕਿਹਾ ਜਾਂਦਾ ਇਹ ਤਲੋਏ ਸਾਰਾ ਸਿਆਲ ਖਾਧੇ ਜਾਂਦੇ। ਅੱਜ ਇਹ ਚੀਜ਼ਾਂ ਸੁਪਨਾ ਹੋ ਕੇ ਰਹਿ ਗਈਆਂ ਨੇ...। ਇਹ ਸਭ ਚੀਜ਼ਾਂ ਸਾਫ਼ ਸੁਥਰੀਆਂ ਮਿਲਾਵਟ ਰਹਿਤ ਹੁੰਦੀਆਂ। ਇਹੋ ਰਾਜ਼ ਸੀ ਪੁਰਾਣੇ ਸਮੇਂ ਦੀਆਂ ਜਾਂ ਕੁਝ ਸਮਾਂ ਪਹਿਲਾਂ ਦੀਆਂ ਚੰਗੀਆਂ ਸਿਹਤਾਂ ਦਾ।

ਲੋਹੜੀ ਵਾਲੇ ਦਿਨ ਸਾਗ ਅਤੇ ਰਸ ਦੀ ਖੀਰ ਜ਼ਰੂਰ ਹਰ ਘਰ ਵਿਚ ਬਣਾਈ ਜਾਂਦੀ। ਜਿਸਦੀ ਘੁਲਾੜੀ ਚੱਲਦੀ ਹੁੰਦੀ ਉਹ ਸਾਰਿਆਂ ਨੂੰ ਸੱਦਾ ਦੇ ਦੇਂਦਾ ਕਿ ਖੀਰ ਲਈ ਗੰਨੇ ਦਾ ਰਸ ਲੈ ਆਇਓ। ਕਈ ਘਰਾਂ ਵਿਚ ਖਿੱਚੜੀ ਵੀ ਬਣਦੀ ਪਰ ਸਾਗ, ਖੀਰ ਜਾਂ ਖਿੱਚੜੀ ਉਸ ਦਿਨ ਜਾਂ ਰਾਤ ਨੂੰ ਕਿਸੇ ਨੂੰ ਖਾਣ ਲਈ ਨਾ ਦਿੱਤੀ ਜਾਂਦੀ। ਉਹ ਦੂਜੇ ਦਿਨ ਮਾਘੀ ਨੂੰ ਹੀ ਖਾਧੀ ਜਾਂਦੀ ਤੇ ਕਿਹਾ ਜਾਂਦਾ 'ਪੋਹ ਰਿੰਨ੍ਹੀ ਮਾਘ ਖਾਧੀ'। ਉਦੋਂ ਇਨ੍ਹਾਂ ਗੱਲਾਂ ਦੀ ਸਮਝ ਨਹੀਂ ਹੁੰਦੀ ਸੀ। ਇਹ ਤਿਉਹਾਰ ਸਰਦੀ ਦਾ ਸਿਖ਼ਰ ਹੁੰਦਾ ਸੀ, ਕਿੰਨੇ ਦਿਨ ਰਿੱਝਿਆ-ਪੱਕਿਆ ਖ਼ਰਾਬ ਨਹੀਂ ਸੀ ਹੁੰਦਾ। ਓਦੋਂ ਫਰਿੱਜ਼ ਦਾ ਤਾਂ ਨਾਂ ਵੀ ਨਹੀਂ ਸੀ ਸੁਣਿਆ ਹੁਣ ਫਰਿੱਜ਼, ਫਰੀਜ਼ਰ, ਏ.ਸੀ. ਜੇਠ ਹਾੜ੍ਹ ਦੇ ਮਹੀਨੇ ਵੀ ਜਿਵੇਂ ਪੋਹ ਮਾਘ ਬਣਾਈ ਰੱਖਦੇ ਨੇ ਠੰਢਾਂ ਵਰਤਾਈ ਰੱਖਦੇ ਨੇ। ਦੂਜੇ ਦਿਨ ਮਾਘੀ ਨੂੰ ਖਿੱਚੜੀ, ਦਹੀਂ ਨਾਲ ਵੀ ਖਾਧੀ ਜਾਂਦੀ। ਇਸ ਦਾ ਕਾਰਨ ਸ਼ਾਇਦ ਇਹ ਸੀ ਕਿ ਪਹਿਲੇ ਦਿਨ ਖੋਏ, ਤਲੋਏ ਤੇ ਭਾਰੀ ਖਾਣਾ ਖਾਧਾ ਜਾਂਦਾ ਸੀ ਤੇ ਦੂਜੇ ਦਿਨ ਹਲਕਾ ਫੁਲਕਾ...। ਕੀ ਰਿਵਾਜ਼ ਕੀ ਕਸਮਾਂ ਸਨ ਆਪੇ ਹੀ ਬਣਾਈਆਂ ਹੋਈਆਂ ਪਰ ਬੜੀਆਂ ਸਾਰਥਕ ਬੜੀਆਂ ਹੀ ਲਾਹੇਵੰਦ।

ਓਦੋਂ ਅੱਜ ਵਾਂਗ ਲੋਹੜੀਆਂ ਮਨਾਉਣ ਤੇ ਗਾਉਣ ਵਜਾਉਣ ਦੇ ਅੰਡਬਰ ਵੀ ਕੋਈ ਨਹੀਂ ਸੀ ਰਚਦਾ। ਕਿਸੇ ਦੇ ਮੁੰਡੇ ਦੀ ਜਾਂ ਮੁੰਡੇ ਦੇ ਵਿਆਹ ਦੀ ਲੋਹੜੀ ਵਰਗੀ ਕੋਈ ਉਚੇਚ ਨਹੀਂ ਸੀ ਹੁੰਦੀ। ਲੋਹੜੀ ਨੂੰ ਸਿਰਫ਼ ਲੋਹੜੀ ਕਰਕੇ ਹੀ ਮਨਾਇਆ ਜਾਂਦਾ। ਅੱਜ ਲੋਹੜੀ ਨੂੰ ਜੋ ਦਿਖਾਵੇ ਲੋਕੀਂ ਕਰਦੇ ਨੇ ਕੋਈ ਨਹੀਂ ਸੀ ਕਰਦਾ। ਪੰਜ ਸੱਤ ਘਰਾਂ ਨੇ ਕਿਸੇ ਇਕ ਘਰ ਦੇ ਵਿਹੜੇ ਵਿਚ ਇਕੱਠੇ ਹੋ ਕੇ ਬੱਚਿਆਂ ਦੇ ਇਕੱਠੇ ਕੀਤੇ ਬਾਲਣ ਦੀ ਲੋਹੜੀ ਬਾਲ਼ ਲੈਣੀ ਤੇ ਕਿਸੇ ਨੇ ਕੋਈ ਨਿੱਕਾ ਮੋਟਾ ਖੁੰਢ ਬਲ਼ਦੀ ਲੋਹੜੀ 'ਚ ਰੱਖ ਦੇਣਾ ਜੋ ਅੱਧੀ ਰਾਤ ਤੱਕ ਮੱਚੀ ਜਾਣਾ। ਘਰ ਦੀਆਂ ਸੁਆਣੀਆਂ ਨੂੰਹਾਂ ਧੀਆਂ ਮੁੱਠੀ 'ਚ ਤਿਲ ਲਈ ਆਉਂਦੀਆਂ ਤੇ ਬਲ਼ਦੀ ਲੋਹੜੀ ਤੇ ਉਨ੍ਹਾਂ ਦਾ ਮੱਥਾ ਟੇਕਦੀਆਂ-ਕੋਈ ਕਹਿੰਦੀ 'ਇੱਸਰ ਆਏ ਦਲਿੱਦਰ ਜਾਏ ਦਲਿੱਦਰ ਦੀ ਜੜ੍ਹ ਪੁੱਟੀ ਜਾਏ', ਓਦੋਂ ਤਾਂ ਅਸੀਂ ਬੱਚੇ ਵੀ ਰੀਸੋ-ਰੀਸੀ ਗਾਈ ਜਾਂਦੇ ਅਰਥ ਸਮਝਣ ਦੀ ਕੋਈ ਲੋੜ ਨਹੀਂ ਸੀ ਜਾਪਦੀ ਪਰ ਹੁਣ ਮੈਂ ਸੋਚਦੀ ਹਾਂ 'ਇੱਸਰ' ਤੋਂ ਉਨ੍ਹਾਂ ਦਾ ਭਾਵ ਖੁਸ਼ਹਾਲੀ ਤੇ 'ਦਲਿੱਦਰ' ਤੋਂ ਭਾਵ ਮੰਦਹਾਲੀ ਜਾਂ ਗਰੀਬੀ ਹੁੰਦਾ ਸੀ। ਕੁਝ ਦੇਰ ਖੜ੍ਹ ਬੈਠ ਕੇ ਔਰਤਾਂ ਘਰੋਂ ਘਰੀਂ ਮੁੜ ਜਾਂਦੀਆਂ। ਗਾਉਣ ਵਜਾਉਣ ਦੇ ਨਾਂ ਤੇ ਬੱਚੇ ਗਾਉਂਦੇ ਫਿਰਦੇ 'ਲੋਹੜੀ ਬਈ ਲੋਹੜੀ ਤੇਰਾ ਪੁੱਤ ਚੜ੍ਹੂਗਾ ਘੋੜੀ ਸਾਡੀ ਲੋਹੜੀ ਮਨਾ ਦੇ' ਤੇ ਸੁਆਣੀਆਂ ਉਨ੍ਹਾਂ ਲਈ ਸ਼ਹਿਰੋਂ ਮੰਗਾਈਆਂ ਰਿਓੜੀਆਂ ਜਾਂ ਘਰ ਬਣੀਆਂ ਪਿੰਨੀਆਂ ਤੇ ਤਲੋਏ ਦੇ ਦੇਂਦੀਆਂ।

ਬੁੱਢਿਆਂ, ਬੱਚਿਆਂ ਤੇ ਗੱਭਰੂਆਂ ਦੇਰ ਰਾਤ ਤੱਕ ਲੋਹੜੀ ਦੇ ਦੁਆਲੇ ਬੈਠ ਰਹਿੰਦਿਆਂ ਕਦੇ ਕੋਈ ਖੱਪ ਨਾ ਪਾਉਣੀ ਘਰੋਂ ਲਿਆਂਦੀ ਮੂੰਗਫ਼ਲੀ ਚੱਬਦੇ ਰਹਿਣਾ ਤੇ ਕੁਝ ਘਰ ਦੀਆਂ ਕੁਝ ਬਾਹਰ ਦੀਆਂ ਗੱਲਾਂ ਕਰੀ ਜਾਣੀਆਂ। ਕਿਸੇ ਬਜ਼ੁਰਗ ਨੇ ਭਗਤ ਪ੍ਰਹਿਲਾਦ ਦੀ ਤੇ ਕਿਸੇ ਹੋਰ ਭਗਤ ਦੀ ਕਥਾ ਕਹਾਣੀ ਸੁਣਾ ਦੇਣੀ। ਕੋਈ ਦਿਖਾਵਾ ਕੋਈ ਈਰਖਾ ਨਾ ਹੁੰਦੀ। ਲੋਹੜੀ ਬਸ ਲੋਹੜੀ ਹੁੰਦੀ ਜੋ ਮਨਾਂ ਦੀ ਸਾਂਝ ਨਾਲ ਮਨਾਈ ਜਾਂਦੀ, ਕਦੇ ਸਿਆਸੀ ਸੱਥ ਨਾ ਬਣਦੀ। ਅੱਜ ਲੋਹੜੀ ਦੇ ਨਾਂ ਤੇ ਕਦੇ ਮੁੰਡੇ ਦੀ, ਕਦੇ ਦੇਖਾ ਦੇਖੀ ਕੁੜੀ ਦੀ ਲੋਹੜੀ ਮਨਾਈ ਜਾਂਦੀ ਹੈ। ਬੇਲੋੜੀ ਬੱਲੇ-ਬੱਲੇ ਕਰਵਾਈ ਜਾਂਦੀ ਹੈ। ਕੋਈ ਰਲ਼ ਬੈਠਣ ਦੀ ਗੱਲ ਨਹੀਂ ਸਭ ਆਪਣੇ ਘਰ ਆਪਣੀ ਚਾਰ ਦੀਵਾਰੀ ਅੰਦਰ ਮਾੜੀ ਮੋਟੀ ਲੋਹੜੀ ਬਾਲ਼ ਲੈਂਦੇ ਨੇ ਕਦੇ ਆਂਢ-ਗੁਆਂਢ ਨਾਲ ਰਲ਼ ਨਹੀਂ ਬੈਠਿਆ ਜਾਂਦਾ। ਬਸ ਦਿਖਾਵੇ ਲਈ ਇਕੱਠ ਕਰਕੇ ਕੋਈ ਜ਼ਰੂਰ ਲੋਹੜੀ ਮਨਾ ਲੈਂਦਾ ਹੈ। ਮੈਨੂੰ ਇਕ ਗੱਲ ਦੀ ਉੱਕਾ ਹੀ ਸਮਝ ਨਹੀਂ ਆਉਂਦੀ ਕਿ ਜੋ ਕੁੜੀਆਂ ਦੀਆਂ ਲੋਹੜੀਆਂ ਮਨਾ ਕੇ ਦਿਖਾਵੇ ਕੀਤੇ ਜਾਂਦੇ ਨੇ ਕੀ ਉਸ ਨਾਲ ਅਣਜੰਮੀਆਂ ਜਾਂ ਨਵਜੰਮੀਆਂ ਬੱਚੀਆਂ ਨੂੰ ਮਾਰਨ ਦੇ ਰੁਝਾਨ ਨੂੰ ਕੋਈ ਠੱਲ੍ਹ ਪਈ ਹੈ? ਅੱਜ ਵੀ ਓਹੋ ਹੀ ਖ਼ਬਰਾਂ ਪੜ੍ਹਨ ਸੁਣਨ ਨੂੰ ਮਿਲਦੀਆਂ ਨੇ ਕਿਤੇ ਮਰੀ ਕਿਤੇ ਜਿਉਂਦੀ ਧੀ ਲਾਵਾਰਸ ਮਿਲਦੀ ਹੈ। ਚੰਗਾ ਹੋਵੇ ਜੇ ਕੋਈ ਸਾਰਥਕ ਕਦਮ ਜਾਂ ਸੋਚ ਇਨ੍ਹਾਂ ਬੱਚੀਆਂ ਲਈ ਅਪਣਾਈ ਜਾਵੇ। ਘਰਾਂ ਵਿਚ ਦਿਖਾਵੇ ਦੀਆਂ ਲੋਹੜੀਆਂ ਮਨਾ ਕੇ ਨਿੱਘ ਤੇ ਚਾਨਣ ਕਰਕੇ ਕੁਝ ਨਹੀਂ ਸੰਵਰਨਾ ਲੋੜ ਹੈ ਮਨਾਂ ਦੇ ਨਿੱਘ ਦੀ ਮਨਾਂ ਨੂੰ ਰੌਸ਼ਨ ਕਰਨ ਦੀ ਤਾਂ ਕਿ ਇਹ ਬਾਲੜੀਆਂ ਹਨ੍ਹੇਰਿਆਂ 'ਚ ਨਾ ਸੁੱਟੀਆਂ ਜਾਣ ਕਿਸੇ ਗਮਲੇ ਜਾਂ ਝਾੜੀ ਵਿਚ ਠੰਢ ਨਾਲ ਠਰ ਕੇ ਨਾ ਮਰ ਜਾਣ...। ਕਾਸ਼! ਉਹ ਮਨਾਂ ਦੀ ਸਾਂਝ ਵਾਲੀਆਂ ਲੋਹੜੀਆਂ ਕਦੇ ਫਿਰ ਮੋਹ ਦਾ ਨਿੱਘ ਵੰਡਣ ਤੇ ਦਿਖਾਵੇ ਦੇ ਅਡੰਬਰ ਨਾ ਕੀਤੇ ਜਾਣ।

ਪਰਮਜੀਤ ਕੌਰ ਸਰਹਿੰਦ

## ਇਸ ਅੰਕ ਦੀ ਵਿਸ਼ੇਸ਼ ਫੋਟੋ



# ਮੋਗਾ ਦੇ ਪੰਜਾਬੀ ਜੁੱਤੀ ਬਾਜ਼ਾਰ ਦਾ ਹੈ ਦੁਨੀਆ 'ਚ ਵਿਸ਼ੇਸ਼ ਸਥਾਨ



ਪੰਜਾਬੀ ਆਪਣੀ ਜਿੰਦਾ ਦਿਲੀ, ਮਿਲਾਪੜੇ ਸੁਭਾਅ ਤੇ ਪਹਿਰਾਵੇ ਸਦਕਾ ਕੁੱਲ ਦੁਨੀਆਂ ਵਿਚ ਵੱਖਰੀ ਜਾਣੇ ਜਾਂਦੇ ਹਨ। ਪੰਜਾਬੀ ਪਹਿਰਾਵੇ ਦੇ ਮੁੱਢ ਤੋਂ ਲੈ ਕੇ ਹੁਣ ਤੱਕ ਇਸ ਵਿਚ ਪੰਜਾਬੀ ਜੁੱਤੀ ਦਾ ਵਿਸ਼ੇਸ਼ ਸਥਾਨ ਰਿਹਾ ਹੈ ਤੇ ਪੰਜਾਬੀ ਜੁੱਤੀ ਪੰਜਾਬੀ ਪਹਿਰਾਵੇ ਦਾ ਪਹਿਚਾਣ ਚਿੰਨ੍ਹ ਰਹੀ ਹੈ । ਪੰਜਾਬੀ ਸੰਸਕ੍ਰਿਤੀ ਪੇਂਡੂ ਸੱਭਿਆਚਾਰ ਤੇ ਗੀਤ-ਸੰਗੀਤ ਵਿਚ ਵੀ ਪੰਜਾਬੀ ਜੁੱਤੀ ਦਾ ਹੁੰਦਾ ਜ਼ਿਕਰ ਵਿਸ਼ੇਸ਼ ਸਥਾਨ ਰੱਖਦਾ ਹੈ। ਮੋਗਾ ਸ਼ਹਿਰ ਵਿਚ ਪੰਜਾਬੀ ਜੁੱਤੀਆਂ ਦਾ ਵੱਡਾ ਬਾਜ਼ਾਰ ਹੈ ਤੇ ਮੋਗੇ ਦੀ ਬਣੀ ਪੰਜਾਬੀ ਜੁੱਤੀ ਪੂਰੇ ਵਿਸ਼ਵ ਵਿਚ ਵਿਸ਼ੇਸ਼ ਪ੍ਰਸਿੱਧੀ ਰੱਖਦੀ ਹੈ । ਅੰਡਰ ਬ੍ਰਿਜ਼ ਰੋਡ 'ਤੇ ਦੋਵੇਂ ਪਾਸੇ ਦੁਕਾਨਦਾਰ ਪੰਜਾਬੀ ਜੁੱਤੀਆਂ ਨੂੰ ਆਪਣੀਆਂ ਦੁਕਾਨਾਂ ਦਾ ਸ਼ਿਗਾਰ ਬਣਾ ਕੇ ਸਜਾਈ ਬੈਠੇ ਹਨ, ਜਿਸ ਨੂੰ ਖਰੀਦਣ ਲਈ ਦੂਰ-ਦੁਰਾਡੇ ਇਲਾਕਿਆਂ ਸਮੇਤ ਵਿਦੇਸ਼ੀ ਸੈਲਾਨੀ ਵੀ ਗੇੜੇ ਮਾਰਦੇ ਹਨ। ਭਾਵੇਂ ਬਾਜ਼ਾਰਾਂ ਵਿਚ ਚੱਲੇ ਬਰਾਂਡਿਡ ਜੁੱਤੀਆਂ ਤੇ ਅਰਾਮਦਾਇਕ ਸਪੋਰਟਸ ਸ਼ੂਜ ਦੇ ਰੁਝਾਨ ਨੇ ਇਸ ਹੱਥੀਂ ਕਿਰਤ ਦੇ ਧੰਦੇ ਨੂੰ ਵੱਡਾ ਖੋਰਾ ਲਾਇਆ ਹੈ, ਬਾਵਜੂਦ ਇਸ ਦੇ ਇਨ੍ਹਾਂ ਕਲਾਕਾਰਾਂ ਦੀ ਮਿਹਨਤ ਦੇ ਕਦਰਦਾਨ ਮਰਦ, ਔਰਤਾਂ ਪੰਜਾਬੀ ਜੁੱਤੀਆਂ ਨੂੰ ਆਪਣੇ ਪਹਿਰਾਵੇ ਦਾ ਵਿਆਹ ਸ਼ਾਦੀਆਂ 'ਤੇ ਨਿੱਤ ਦੇ ਸਮਾਗਮ ਵਿਚ ਸ਼ਾਮਲ ਕਰ ਆਪਣੀ ਦਿੱਖ ਨੂੰ ਫੱਬਵੀਂ ਬਣਾਉਂਦੇ ਹਨ।

ਅਜੋਕੇ ਫੈਸ਼ਨ ਪ੍ਰਸਤ ਨੌਜਵਾਨਾਂ ਅਤੇ ਰਾਜਸੀ ਵਰਗ ਵਿਚ ਪੰਜਾਬੀ ਜੁੱਤੀਆਂ ਵਧੇਰੇ ਮਕਬੂਲ ਹੋਈਆਂ ਹਨ ਜਿਨ੍ਹਾਂ ਦੀ ਵਰਤੋਂ ਕੁੜਤੇ ਪਜ਼ਾਮੇ ਤੇ ਜੀਨ ਪੈਂਟਾ ਨਾਲ ਕੀਤੀ ਜਾ ਰਹੀ ਹੈ । ਮੁਟਿਆਰਾਂ ਵਿਚ ਵੀ ਸਲਵਾਰ ਸੂਟ ਨਾਲ ਰਲਦੀ ਡਿਜ਼ਾਇਨਦਾਰ ਪੰਜਾਬੀ ਜੁੱਤੀ ਪਾਉਣ ਦਾ ਵਧੇਰੇ ਰਿਵਾਜ਼ ਹੈ । ਕਲਾਕਾਰਾਂ ਦੇ ਪਿੜ ਵਿਚ ਪੰਜਾਬੀ ਜੁੱਤੀਆਂ ਚਾਦਰੇ ਤੇ ਘੱਗਰਿਆਂ ਨਾਲ ਸਟੇਜਾਂ ਦਾ ਸ਼ਿੰਗਾਰ ਬਣਦੀਆਂ ਹਨ। ਵਿਸ਼ਵ ਮੰਡੀ ਵਿਚ ਵਿਸ਼ੇਸ਼ ਪਹਿਚਾਣ ਰੱਖਦੇ ਮੋਗਾ ਦੇ ਪੰਜਾਬੀ ਜੁੱਤੀ ਬਾਜ਼ਾਰ ਵਿਚ ਕਰੀਬ 25-26 ਦੁਕਾਨਾਂ ਹਨ ਜਿਥੇ 50-52 ਦੇ ਕਰੀਬ ਮਾਹਿਰ ਮਿਹਨਤਕਸ਼ ਕਾਰੀਗਰ ਆਪਣੀ ਕਲਾਂ ਸੂਝ ਨਾਲ ਜੁੱਤੀਆਂ ਤਿਆਰ ਕਰਦੇ ਹਨ। ਕਾਨਪੁਰ, ਮਦਰਾਸ, ਆਗਰਾ, ਜਲੰਧਰ ਸਮੇਤ ਵੱਖ-ਵੱਖ ਹਿੱਸਿਆਂ ਤੋਂ ਸਾਮਾਨ ਲਿਆ ਕੇ ਕਰੀਬ ਇਕ ਡੇਢ ਦਿਨ ਵਿਚ ਜੁੱਤੀਆਂ ਤਿਆਰ ਹੁੰਦੀਆਂ ਹਨ । ਕੀਮਤ ਪੱਖੋਂ 150 ਰੁਪਏ ਤੋਂ ਲੈ ਕੇ 4 ਹਜ਼ਾਰ ਤੱਕ ਦੀਆਂ ਪੰਜਾਬੀ ਜੁੱਤੀਆਂ ਬਾਜ਼ਾਰ ਵਿਚ ਤਿਆਰ ਹੁੰਦੀਆਂ ਹਨ । ਸਾਬਰ ਦਾ ਜਲਸਾ, ਪਲੇਨ ਫੁਲਕਾਰੀ, ਤਿੱਲੇ ਦੀ ਕਢਾਈ, ਨੱਗ, ਕੁੰਦਨ, ਸਟੋਨ ਆਦਿ ਜੁੱਤੀਆਂ ਮੋਗਾ ਦੇ ਬਾਜ਼ਾਰ ਦੀ ਵਿਸ਼ੇਸ਼ ਪਹਿਚਾਣ ਹਨ । ਇਸ ਤੋਂ ਇਲਾਵਾ ਦਬਕਾ, ਅਚਕਨ, ਵਾਲੀ, ਮਲਟੀਕਲਰ ਧਾਗਾ, ਧੋੜੀ, ਕੁਰਮ, ਸਿੱਧੇ ਦਲੇ, ਪਲੇਨ ਜਲਸਾ, ਗੋਕਾ, ਕੁੱਸਾ, ਪਾਕਿਸਤਾਨੀ ਜੁੱਤੀ ਤੇ ਸਲੀਪਰ ਆਦਿ ਵਰਾਇਟੀ ਦੀਆਂ ਜੁੱਤੀਆਂ ਮੋਗਾ ਦੀ ਪੰਜਾਬੀ ਜੁੱਤੀ ਦੀ ਵਿਸ਼ੇਸ਼ ਪਹਿਚਾਣ ਹੈ।

ਜਾਣਕਾਰੀ ਇੱਕਤਰ ਕਰਨ ਸਮੇਂ ਬਾਜ਼ਾਰ ਦੇ ਦੁਕਾਨਦਾਰਾਂ ਨੇ ਦੱਸਿਆ ਕਿ ਫੈਸ਼ਨ ਪ੍ਰਸਤੀ ਤੇ ਮਾਡਰਨ ਦਿੱਖ ਦੀ ਆੜ ਹੇਠ ਪੱਛਮੀ ਪ੍ਰਭਾਵ ਨੇ ਇਸ ਛੋਟੇ ਧੰਦੇ ਨੂੰ ਗੰਭੀਰ ਸੱਟ ਮਾਰੀ ਹੈ, ਜਿਸ ਨਾਲ ਇਸ ਘੇਰਲੂ ਕਿੱਤੇ ਤੇ ਹੁਨਰਕਾਰੀ ਨੂੰ ਧੱਕਾ ਲੱਗਾ ਹੈ । ਬਾਵਜੂਦ ਇਸ ਦੇ ਮੋਗਾ ਦੀ ਬਣੀ ਜੁੱਤੀ ਜਾਣਕਾਰ ਇਲਾਕਿਆਂ ਵਿਚ ਵਿਸ਼ੇਸ਼ ਮੁਕਾਮ ਤੇ ਸਥਾਨ ਰੱਖਦੀ ਹੈ।

ਜਸਪਾਲ ਸਿੰਘ ਬੱਬੀ
ਪੱਤਰਕਾਰ / ਪ੍ਰੈਸ ਫੋਟੋਗ੍ਰਾਫਰ "ਅਜੀਤ"
M.98145-88005


## ਪੰਜਾਬੀ ਵਿਰਾਸਤ, ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਭਾਸ਼ਾ



## ਕੀ ਤੁਹਾਨੂੰ ਪਤਾ ਹੈ
# ਸਾਡਾ ਪੰਜਾਬੀ ਵਿਰਸਾ

008

ਪੇਸ਼ਕਸ਼: ਭਵਨਦੀਪ ਸਿੰਘ ਪੁਰਬਾ
(ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ' ਬਿਓਰੋ)



01. ਕਈ ਵਾਰ ਦਾਲ ਵਿੱਚ ਇੱਕ ਬਰੀਕ ਜਿਹਾ ਕਰੜਾ ਕੰਕਰ ਆ ਜਾਦਾ ਹੈ ਜਿਸ ਨੂੰ 'ਕੋਕੜੂ' ਕਹਿੰਦੇ ਹਨ।
02. ਛੋਲਿਆਂ ਦੀਆਂ ਭੁੰਨੀਆਂ ਹਰੀਆਂ ਫਲੀਆਂ ਨੂੰ 'ਹੋਲਾਂ' ਕਹਿੰਦੇ ਹਨ।
03. ਕਿਸੇ ਵੀ ਚੀਜ ਦੇ ਜੂਸ ਨੂੰ 'ਰਸ' ਕਹਿੰਦੇ ਹਨ।
04. 'ਖੱਖੜੀ' ਇਕ ਖਾਣ ਵਾਲੀ ਵਸਤੂ ਹੈ ਜੋ ਖਰਬੂਜੇ ਦੀ ਕਿਸਮ ਵਿਚੋਂ ਹੈ। ਇਸ ਦਾ ਆਕਾਰ ਲੰਬਾਈ ਵਿੱਚ ਹੁੰਦਾ ਹੈ।



05. ਸਮਾਨ ਜਾਂ ਰਾਸ਼ਨ ਦੀ ਸਮੱਗਰੀ ਨੂੰ 'ਰਸਦ' ਕਿਹਾ ਜਾਂਦਾ ਹੈ।
06. ਪੀਸੀ ਹੋਈ ਦਵਾਈ ਨੂੰ 'ਫੱਕੀ' ਕਿਹਾ ਜਾਂਦਾ ਹੈ।
07. ਖਾਲਕ ਜਾਂ ਸ਼ੁਧ ਚੀਜ਼ ਨੂੰ ਨਿਰੋਲ ਕਹਿੰਦੇ ਹਨ
08. ਖੰਡ ਦੀ ਬਣੀ ਮਠਿਆਈ ਜੋ ਬਜ਼ੁਰਗ ਦੇ ਮਰਨ ਤੋਂ ਪਿਛੋਂ ਵੰਡੀ ਜਾਦੀ ਹੈ ਉਸ ਨੂੰ 'ਗਦੋੜਾਂ' ਫੇਰਨਾ ਕਹਿੰਦੇ ਹਨ।
09. ਜਿੱਥੇ ਠੰਡਾ ਮਿੱਠਾ ਪਾਣੀ ਜਾਂ ਸ਼ਰਬਤ ਪਿਲਾਇਆ ਜਾਂਦਾ ਹੈ ਉਸ ਨੂੰ 'ਛਬੀਲ' ਕਹਿੰਦੇ ਹਨ।
10. ਪੂਜਾ ਜਾਂ ਸਤਿਕਾਰ ਵਜੋਂ ਕਿਸੇ ਨੂੰ ਕੋਈ ਵਸਤੂ ਜਾਂ ਪ੍ਰਸਾਦ ਦੇਣ ਨੂੰ 'ਅਰਘ' ਕਿਹਾ ਜਾਂਦਾ ਹੈ।

ਸਾਡੇ ਇਸ ਕਾਲਮ ਪ੍ਰਤੀ ਰਾਇ/ ਸਲਾਹ ਜਾਂ ਕੋਈ ਵਿਚਾਰ ਭੇਜਣ ਲਈ ਈ-ਮੇਲ ਅਤੇ ਵਟਸਐਪ ਨੰਬਰ
E-mail: mehakwattandi@rediffmail.com, Help Line: (+91)-9988-92-9988

# ਵੰਝਲੀ ਦਾ ਬਾਦਸ਼ਾਹ ਸੀ ਬਾਬਾ ਕਾਸ਼ੀ ਨਾਥ

ਛਿੰਦਰ ਕੌਰ ਸਿਰਸਾ



ਮਸ਼ਹੂਰ ਪੰਜਾਬੀ ਗੀਤ 'ਚੰਨ ਕਿੱਥਾਂ ਗੁਜ਼ਾਰੀ ਆਈ ਰਾਤ ਵੇ' ਵਰਗੇ ਸੈਂਕੜੇ ਗੀਤਾਂ ਵਿਚ ਆਪਣੀ ਵੰਝਲੀ ਦੀ ਧੁੰਨ ਛੁਟਾਕੇ ਸੰਗੀਤਕ ਪ੍ਰੇਮੀਆਂ ਨੂੰ ਕੀਲ ਕੇ ਰੱਖ ਦੇਣ ਵਾਲਾ ਨਾਥ ਕਬੀਲੇ ਦਾ ਦਰਵੇਸ਼ ਕਲਾਕਾਰ ਬਾਬਾ ਕਾਸ਼ੀ ਨਾਥ ਹੁਣ ਸਾਡੇ ਵਿਚਕਾਰ ਨਹੀਂ ਰਿਹੈ। ਨਾਥ ਕਬੀਲੇ ਵਿੱਚੋਂ ਹੋਣ ਕਾਰਨ ਉਨ੍ਹਾਂ ਨੂੰ ਬਾਬਾ ਕਾਸ਼ੀ ਨਾਥ ਕਹਿੰਦੇ ਸਨ। ਕਾਸ਼ੀ ਨਾਥ ਨੂੰ ਵੰਝਲੀ ਦਾ ਬਾਦਸ਼ਾਹ ਕਿਹਾ ਜਾਂਦਾ ਸੀ। ਵੰਝਲੀ ਵਜਾਉਣ ਦੀ ਆਪਣੀ ਇਸ ਕਲਾ ਦਾ ਉਨ੍ਹਾਂ ਨੇ ਪੂਰੀ ਦੁਨੀਆ 'ਚ ਲੋਹਾ ਮਨਵਾਇਆ ਸੀ। ਕੁਝ ਸਮਾਂ ਪਹਿਲਾਂ ਰੇਡੀਓ ਜ਼ਰੀਏ ਕਾਸ਼ੀ ਨਾਥ ਦੀ ਇੰਟਰਵਿਊ ਕਰਦਿਆਂ ਮੈਂ ਉਨ੍ਹਾਂ ਤੋਂ ਕਾਫ਼ੀ ਪ੍ਰਭਾਵਿਤ ਹੋਈ ਸਾਂ। ਕਾਸ਼ੀ ਨਾਥ ਹੋਰਾਂ ਨੇ ਦੱਸਿਆ ਸੀ ਕਿ ਉਨ੍ਹਾਂ ਨੇ ਸੁਰਿੰਦਰ ਕੌਰ ਤੇ ਪ੍ਰਕਾਸ਼ ਕੌਰ ਤੋਂ ਇਲਾਵਾ ਆਸਾ ਸਿੰਘ ਮਸਤਾਨਾ, ਬੀਬੀ ਨੂਰਾਂ, ਨਰਿੰਦਰ ਬੀਬਾ, ਪ੍ਰਕਾਸ਼ ਕੌਰ, ਉਸਤਾਦ ਯਮਲਾ ਜੱਟ, ਗੁਰਦਾਸ ਮਾਨ, ਪੂਰਨ ਸ਼ਾਹਕੋਟੀ, ਬਰਕਤ ਸਿੱਧੂ, ਪੰਨਾ ਲਾਲ ਘੋਸ਼, ਹਰੀ ਪ੍ਰਸਾਦ ਚੌਰਸੀਆ ਆਦਿ ਕਲਾਕਾਰਾਂ ਨਾਲ ਕਈ ਗੀਤਾਂ ਅਤੇ ਸਟੇਜ ਸ਼ੋਅ 'ਚ ਵੰਝਲੀ ਵਜਾਈ। ਇਹ ਮਹਾਨ ਕਲਾਕਾਰ 26 ਮਈ ਨੂੰ ਇਸ ਸੰਸਾਰ ਨੂੰ ਹਮੇਸ਼ਾ ਲਈ ਅਲਵਿਦਾ ਆਖ ਗਿਆ।

## ਜਨਮ ਤੇ ਭਾਰਤ ਆਉਣਾ

ਬਾਬਾ ਕਾਸ਼ੀ ਨਾਥ ਦਾ ਜਨਮ 5 ਮਈ 1929 ਨੂੰ ਮੁਲਤਾਨ (ਪਾਕਿਸਤਾਨ) ਵਿਚ ਹੋਇਆ। ਫਿਰ 1947 ਵਿਚ ਹੋਈ ਹਿੰਦ-ਪਾਕਿ ਵੰਡ ਦੌਰਾਨ ਉਹ ਗੋਰਖਨਾਥ ਸੰਪਰਦਾ ਦੇ ਨਾਥਾਂ-ਜੋਗੀਆਂ ਨਾਲ ਪੰਜਾਬ ਦੇ ਫਾਜ਼ਿਲਕਾ ਨੇੜੇ ਵੱਖ-ਵੱਖ ਪਿੰਡਾਂ 'ਚ ਕੁਝ ਸਮਾਂ ਰਹਿਣ ਤੋਂ ਬਾਅਦ ਹਰਿਆਣਾ ਵਿਚ ਸਿਰਸਾ ਨੇੜੇ ਮੰਡੀ ਕਾਲਾਂਵਾਲੀ ਵਿਚ ਆਪਣੇ ਪਰਿਵਾਰ ਨਾਲ ਚੱਲ ਗਏ। ਏਥੇ ਉਨ੍ਹਾਂ ਦਾ ਮੇਲ ਉਸਤਾਦ ਛੱਜੂ ਖਾਂ ਰਾਗੀ ਨਾਲ ਹੋਇਆ। ਵੈਸੇ ਤਾਂ ਕਾਸ਼ੀ ਨਾਥ ਨੂੰ ਆਪਣੇ ਪਿਤਾ ਪਾਸੋਂ ਬੀਨ ਵਜਾਉਣ ਦਾ ਗੁਣ ਵਿਰਸੇ ਵਿੱਚੋਂ ਮਿਲਿਆ ਸੀ ਪਰ ਵੰਝਲੀ, ਅਲਗੋਜ਼ਾ ਆਦਿ ਲੋਕ-ਸਾਜ਼ ਉਨ੍ਹਾਂ ਨੇ ਖ਼ੁਦ ਸਿੱਖੇ। ਜਿਨ੍ਹਾਂ ਨੂੰ ਬਾਅਦ ਵਿਚ ਉਸਤਾਦ ਛੱਜੂ ਖਾਂ ਰਾਗੀ ਦੀ ਸ਼ਾਗਿਰਦੀ ਸਦਕਾ ਹੋਰ ਪਰਪੱਕਤਾ ਹਾਸਲ ਹੋ ਗਈ।

## ਨਾਥ ਕਬੀਲੇ ਦੀ ਖ਼ਾਸੀਅਤ

ਕਾਸ਼ੀ ਨਾਥ ਦੱਸਦੇ ਸਨ ਕਿ ਪਹਿਲਾਂ ਜਦੋਂ ਉਹ ਭਾਰਤ ਆ ਕੇ ਵੱਸੇ ਸਨ ਤਾਂ ਉਹ ਜੰਗਲ ਵਿਚ ਹੀ ਜ਼ਿਆਦਾ ਰਹਿੰਦੇ ਸਨ ਅਤੇ ਪਿੰਡ ਵਿੱਚੋਂ ਆਟਾ-ਦਾਣੇ ਮੰਗਕੇ ਆਪਣੇ ਪਰਿਵਾਰ ਦਾ ਗੁਜ਼ਾਰਾ ਕਰਦੇ ਸਨ। ਹੌਲੀ-ਹੌਲੀ ਸਮਾਂ ਬਦਲਦਾ ਰਿਹਾ ਤੇ ਉਹ ਪਿੰਡਾਂ ਵਿਚ ਰਹਿਣ ਲੱਗ ਪਏ। ਇਸ ਕਾਰਨ ਉਹ ਪਿੰਡ 'ਝੋਰੜ ਨਾਲੀ' ਸਿਰਸਾ (ਹਰਿਆਣਾ) ਵਿਖੇ ਆਪਣੀ ਝੌਂਪੜੀ ਬਣਾਕੇ ਹਮੇਸ਼ਾਂ ਲਈ ਇਥੋਂ ਦੇ ਹੀ ਵਸਨੀਕ ਬਣ ਗਏ। ਨਾਥ ਕਬੀਲੇ ਵਿਚ ਮੰਗਣਾ ਪਰਮੁੱਖ ਮੰਨਿਆਂ ਜਾਂਦਾ ਹੈ ਜਿਸ ਲਈ ਦੋ ਝੋਲ੍ਹੀ, ਡੰਡਾ, ਸੱਪ, ਟੋਕਰੀ, ਬੀਨ ਅਤੇ ਕੰਨਾਂ ਵਿਚ ਮੁੰਦਰਾਂ ਦਾ ਹੋਣਾ ਹਰ ਨਾਥ ਦੀ ਪਛਾਣ ਦੱਸਦੇ ਸਨ। ਕਾਸ਼ੀ ਨਾਥ ਵੀ ਇਹੀ ਪਹਿਰਾਵੇ ਦੇ ਵਿਚ ਦੂਰ-ਨੇੜੇ ਦੇ ਪਿੰਡਾਂ ਵਿੱਚੋਂ ਮੰਗ ਤੰਗਕੇ ਗੁਜ਼ਾਰਾ ਕਰਦੇ ਸਨ। ਪਰ ਇਨ੍ਹਾਂ ਦੀ ਬੀਨ ਵਜਾਉਣ ਦੇ ਹੁਨਰ ਦੀ ਚਰਚਾ ਬਹੁਤ ਦੂਰ ਦਰਾਜ ਤਕ ਹੋ ਗਈ ਤੇ ਉਹ ਨਾਥ ਕਬੀਲੇ ਦਾ ਸਿਰਮੌਰ ਬੀਨ ਵਾਦਕ ਬਣ ਗਏ।

## 60 ਦੇਸ਼ਾਂ ਦੀ ਪ੍ਰਤੀਯੋਗਤਾ ਜਿੱਤਣੀ

ਬੀਨ ਵਜਾਉਣਾ ਦੀ ਕਲਾ ਤਾਂ ਕਾਸ਼ੀ ਨਾਥ ਦੇ ਕਬੀਲੇ 'ਚ ਸ਼ੁਰੂ ਤੋਂ ਹੀ ਚਲਦੀ ਸੀ ਪਰ ਥੋੜਾ ਬੁਢਾਪੇ ਵੱਲ ਆਉਣ ਕਾਰਣ ਉਨ੍ਹਾਂ ਨੂੰ ਬੀਨ ਵਜਾਉਣੀ ਛੱਡਣੀ ਪਈ। ਇਸ ਤੋਂ ਬਾਅਦ ਉਹ ਵੰਝਲੀ ਵਾਦਕ ਬਣ ਗਏ। ਵੰਝਲੀ ਵਾਦਕ ਬਣਨ ਤੋਂ ਬਾਅਦ ਭਾਰਤ ਤੋਂ ਇਲਾਵਾ ਅਮਰੀਕਾ ਅਤੇ ਚਾਰ ਵਾਰ ਇੰਗਲੈਂਡ ਵੀ ਉਹ ਗਏ । ਸਾਲ 2006 ਵਿਚ ਇੰਗਲੈਂਡ ਵਿਚ ਹੋਈ 60 ਦੇਸ਼ਾਂ ਦੀ ਸੰਗੀਤਕ ਪ੍ਰਤੀਯੋਗਤਾ ਵਿਚ ਕਾਸ਼ੀ ਨਾਥ ਨੇ ਵੰਝਲੀ ਵਜਾਉਣ ਵਿਚ ਪਹਿਲਾਂ ਸਥਾਨ ਹਾਸਲ ਕਰਕੇ 'ਪ੍ਰਿੰਸ ਚਾਰਲਸ ਅਤੇ ਕੈਮਿਲਾ' ਤੋਂ ਐਵਾਰਡ ਹਾਸਲ ਕੀਤਾ। ਇਸ ਤੋਂ ਬਾਅਦ ਕਾਸ਼ੀ ਨਾਥ ਦੀਆਂ ਕਈ ਅਖ਼ਬਾਰਾਂ-ਰਸਾਲਿਆਂ ਦੇ ਮੁੱਖ ਪੰਨਿਆਂ ਉੱਪਰ ਕਈ ਤਸਵੀਰਾਂ ਵੀ ਛਪੀਆਂ। ਕਾਸ਼ੀ ਨਾਥ ਨੂੰ ਕਈ ਸੰਸਥਾਵਾਂ ਵੱਲੋਂ ਸਨਮਾਨਿਤ ਵੀ ਕੀਤਾ ਗਿਆ। ਸਾਲ 2015 ਵਿਚ ਉਨ੍ਹਾਂ ਨੂੰ ਪੀਟੀਸੀ ਪੰਜਾਬੀ ਮਿਊਜ਼ਿਕ ਐਵਾਰਡ ਵੱਲੋਂ 'ਵਿਰਸੇ ਦਾ ਵਾਰਿਸ' ਨਾਲ ਵੀ ਸਨਮਾਨਿਤ ਕੀਤਾ ਗਿਆ।

## ਅੰਤਿਮ ਇੱਛਾ ਅਧੂਰੀ ਰਹਿਣੀ

ਇਸ ਮਹਾਨ ਕਲਾਕਾਰ ਨੇ ਭਾਵੇਂ ਆਪਣੀ ਕਲਾ ਦੇ ਦੇਸ਼-ਵਿਦੇਸ਼ 'ਚ ਪੂਰੇ ਜੌਹਰ ਵਿਖਾਏ ਪਰ ਅੱਜ ਉਸ ਦੇ ਪਰਿਵਾਰ ਦੀ ਆਰਥਿਕ ਹਾਲਤ ਸਥਿਤੀ ਚੰਗੀ ਨਹੀਂ ਹੈ। ਵੰਝਲੀ ਦੇ ਇਸ ਬਾਦਸ਼ਾਹ ਦੇ ਘਰ ਅੱਜ ਵੀ ਕੋਈ ਜ਼ਰੂਰੀ ਸੁੱਖ ਸੁਵਿਧਾ ਨਹੀਂ ਹਨ। ਮਾਣ-ਸਨਮਾਨ ਤਾਂ ਉਨ੍ਹਾਂ ਨੂੰ ਬਹੁਤ ਮਿਲੇ ਪਰ ਕਾਸ਼ੀ ਨਾਥ ਦੀ ਗਰੀਬੀ ਵੱਲ ਕਿਸੇ ਨੇ ਵੀ ਧਿਆਨ ਨਹੀਂ ਦਿੱਤਾ। ਕਾਸ਼ੀ ਨਾਥ ਲੋਕ-ਸਾਜ਼ ਸਿੱਖਿਆ-ਸੰਭਾਲ ਲਈ ਕੋਈ ਕੇਂਦਰ ਖੋਲ੍ਹਣਾ ਚਾਹੁੰਦੇ ਸਨ ਪਰ ਉਨ੍ਹਾਂ ਦੀ ਇਹ ਇੱਛਾ ਅਧੂਰੀ ਰਹਿ ਗਈ। ਇਸ ਫ਼ਨਕਾਰ ਨੂੰ ਸੰਗੀਤਕ ਖੇਤਰ 'ਚ ਪਾਏ ਅਹਿਮ ਯੋਗਦਾਨ ਲਈ ਹਮੇਸ਼ਾ ਯਾਦ ਕੀਤਾ ਜਾਵੇਗਾ। • 94679-10187

Scanned with CamScanner




# ਸੌ ਬਿਮਾਰੀ ਦਾ ਇਲਾਜ ਕਰਨ ਵਾਲਾ ਗੁੜ ਬਣਿਆ ਬਿਮਾਰੀ ਦੀ ਜੜ੍ਹ

ਸਾਡੇ ਬਜ਼ੁਰਗਾਂ ਦੀ ਇਕ ਪੁਰਾਤਨ ਕਹਾਵਤ ਹੈ ਕਿ 'ਤੱਤਾ ਗੁੜ ਖਾਈਏ ਵੈਦ ਕੋਲ ਨਾਂ ਜਾਈਏ' ਗੁੜ ਇਕ ਐਸੀ ਵਸਤੂ ਮੰਨੀ ਜਾਂਦੀ ਹੈ ਜੋ ਕਿਸੇ ਸਮੇਂ ਖ਼ੁਸ਼ੀ ਦੇ ਟਾਇਮ ਸੱਜਣਾਂ-ਮਿੱਤਰਾਂ, ਰਿਸ਼ਤੇਦਾਰਾਂ ਨੂੰ ਖੁਵਾਇਆ ਜਾਂਦਾ ਸੀ। ਬੱਚੇ ਦੇ ਜਨਮ ਸਮੇਂ ਵਿਆਹ ਸ਼ਾਦੀਆਂ ਦੇ ਮੌਕੇ ਇਹ ਗੁੜ ਵੰਡਣਾ ਇਕ ਖਾਸ ਵਿਹਾਰ ਹੈ। ਇਹ ਗੁੜ ਬਹੁਤ ਕੀਮਤੀ ਚੀਜ਼ ਸਮਝਿਆ ਜਾਂਦਾ ਹੈ। ਸਿਆਣਿਆਂ ਦੇ ਕਥਨ ਮੁਤਾਬਿਕ ਕਾਫੀ ਦਵਾਈਆਂ ਵਿਚ ਵੀ ਇਸਤੇਮਾਲ ਕੀਤਾ ਜਾਂਦਾ ਹੈ ਜੋ ਸੈਂਕੜੇ ਬਿਮਾਰੀਆਂ ਦਾ ਇਲਾਜ ਕਰਦਾ ਹੈ। ਐਪਰ ਹੁਣ ਇਹ ਵਿਚਾਰਾ ਗੁੜ ਵੀ ਬਿਮਾਰੀ ਦੀ ਜੜ੍ਹ ਬਣ ਰਿਹਾ ਹੈ। ਜਿਸ ਦੀ ਤਾਜ਼ਾ ਮਿਸਾਲ ਮੈਂ ਸੂਝਵਾਨ ਪਾਠਕਾਂ ਦੇ ਰੂ-ਬ-ਰੂ ਕਰਨ ਦਾ ਯਤਨ ਕਰ ਰਿਹਾ ਹਾਂ। ਮਾਲਵੇ ਦਾ ਸਾਹਿਤਕਾਰ ਹੈ ਸਾਧੂ ਰਾਮ ਲੰਗੇਆਣਾ। ਇਕ ਦਿਨ ਮੈਂ ਉਸ ਨੂੰ ਮਿਲਣ ਵਾਸਤੇ ਗਿਆ ਤਾਂ ਉਸ ਨੇ ਇਹ ਗੁੜ ਤਿਆਰ ਕਰਨ ਵਾਲਿਆਂ ਦੀ ਕਰਤੂਤ ਦਿਖਾਉਂਦਿਆਂ ਹੋਇਆਂ ਇਕ ਫੋਟੋ ਮੇਰੇ ਹੱਥ ਫੜਾਈ ਜੋ ਗੁੜ ਦੇ ਵਿਚੋਂ ਨਿਕਲੀ ਤੰਬਾਕੂ ਦੀ ਬੀੜੀ ਦੀ ਸੀ। ਉਸ ਨੇ ਦੱਸਿਆ ਕਿ ਇਕ ਦਿਨ ਇਹ ਬੀੜੀ ਮੁੱਲ ਖਰੀਦ ਕੇ ਲਿਆਂਦੇ ਗੁੜ ਵਿਚੋਂ ਨਿਕਲੀ ਹੈ। ਹੁਣ ਸਾਫ਼-ਸਾਫ਼ ਪਤਾ ਲੱਗ ਰਿਹਾ ਹੈ ਕਿ ਸਾਡੇ ਸਿਹਤ ਵਿਭਾਗ ਦਾ ਕਿੰਨਾ ਕੁ ਧਿਆਨ ਹੈ। ਜਿਹੜਾ ਗੁੜ ਆਮ ਹੀ ਧਾਰਮਿਕ ਕਾਰਜਾਂ ਲਈ ਲੰਗਰ ਜਾਂ ਪ੍ਰਸਾਦਿ ਵਿਚ ਵਰਤਿਆ ਜਾਂਦਾ ਹੈ ਕਿ ਇਹ ਪਵਿੱਤਰ ਹੈ। ਕਿਸੇ ਤੰਬਾਕੂ ਵਰਤਨ ਵਾਲੇ ਨੂੰ ਸਾਡੇ ਧਾਰਮਿਕ ਖਿਆਲਾਂ ਵਾਲੇ ਲੋਕ ਲੰਗਰ ਜਾਂ ਪ੍ਰਸਾਦਿ ਦੇ ਨੇੜੇ ਨਹੀਂ ਆਉਣ ਦਿੰਦੇ



ਪਰ ਹੁਣ ਏਥੇ ਕੀਹਨੂੰ ਕਹੀਏ ਜਦੋਂ ਤੰਬਾਕੂ ਹੀ ਖਾਣ ਵਾਲੀਆਂ ਵਸਤੂਆਂ ਵਿਚ ਆਉਣ ਲੱਗ ਪਿਆ। ਮੇਰੇ ਕਹਿਣ ਦਾ ਮਤਲਬ ਇਹ ਨਹੀਂ ਕਿ ਅਸੀਂ ਇਹ ਚੀਜ਼ਾਂ ਖਾਣੀਆਂ ਬੰਦ ਕਰ ਦੇਵਾਂਗੇ। ਮੇਰਾ ਮਤਲਬ ਸਿਰਫ਼ ਐਨਾ ਹੈ ਕਿ ਖੋਰੇ ਫੈਕਟਰੀਆਂ ਵਾਲੇ ਜਾਂ ਸਿਹਤ ਵਿਭਾਗ ਵਾਲੇ ਕੁਝ ਧਿਆਨ ਨਾਲ ਖਾਣ-ਪੀਣ ਦੀਆਂ ਚੀਜ਼ਾਂ ਤਿਆਰ ਕਰਵਾਉਣ ਲੱਗ ਜਾਣ।

ਸਾਧੂ ਸਿੰਘ ਧੰਮੂ

# ਮੋਟਾਪਾ ਘਟਾਓ



ਜੇਕਰ ਤੁਸੀਂ ਮੋਟਾਪੇ ਨੂੰ ਘਟਾਉਣਾ ਚਾਹੁੰਦੇ ਹੋ ਤਾਂ ਡਾਇਟਿੰਗ ਤਾਂ ਡਾਇਟਿੰਗ ਜਾਂ ਸਖਤ ਕਸਰਤ ਕਰਨ ਦੀ ਲੋੜ ਨਹੀਂ ਹੈ, ਸਗੋਂ ਮਾਸ ਖਾਣਾ ਛੱਡ ਦਿਓ ਅਤੇ ਸ਼ਾਕਾਹਾਰ ਖਾਣਾ ਹੀ ਖਾਓ। ਮਿੱਠਾ ਅਤੇ ਚਰਬੀ ਵੀ ਮੋਟਾਪਾ ਵਧਾਉਂਦੇ ਹਨ। ਇਸੇ ਕਾਰਨ ਸਾਕਾਹਾਰੀ ਪਤਲੇ ਹੁੰਦੇ ਹਨ। ਫਲ, ਸਬਜ਼ੀਆਂ, ਦਾਲਾਂ, ਅਨਾਜ, ਜੂਸ ਸਰੀਰ ਨੂੰ ਪੋਸ਼ਣ ਦੇ ਕੇ ਮੋਟਾ ਨਹੀਂ ਹੋਣ ਦਿੰਦੇ। ਜੇਕਰ ਮਾਸ ਖਾਣ ਵਾਲੇ ਮਾਸ ਛੱਡ ਕੇ ਸ਼ਾਕਾਹਾਰ ਅਪਣਾ ਲੈਣ ਤਾਂ ਮੋਟਾਪੇ ਨੂੰ ਘੱਟ ਕਰ ਸਕਦੇ ਹਨ। ਸ਼ਾਕਾਹਾਰੀਆਂ ਨੂੰ ਮਾਸਾਹਾਰੀਆਂ ਦੇ ਮੁਕਾਬਲੇ ਬਿਮਾਰੀਆਂ ਵੀ ਘੱਟ ਹੁੰਦੀਆਂ ਹਨ।



# ਸੋਇਆਬੀਨ ਮਿਸਲ

**ਸਮੱਗਰੀ** - 1/2 ਕੱਪ ਸੋਇਆਬੀਨ ਦੇ ਦਾਣੇ, 2 ਵੱਡੇ ਚਮਚੇ ਅੰਕੁਰਿਤ ਦਾਲ, 1 ਚਮਚਾ ਬਰੀਕ ਅਦਰਕ, 2 ਬਰੀਕ ਕੱਟੀ ਹੋਈ ਹਰੀ ਮਿਰਚ, 3 ਕਲੀਆਂ ਲਸਣ ਦੀਆਂ ਪਿਸੀਆਂ ਹੋਈਆਂ, 1/4 ਛੋਟਾ ਚਮਚ ਹਲਦੀ ਪਾਊਡਰ, 1/2 ਛੋਟਾ ਚਮਚਾ ਗਰਮ ਮਸਾਲਾ, 1 ਛੋਟਾ ਚਮਚਾ ਰਾਈ, ਨਮਕ ਸਵਾਦ ਅਨੁਸਾਰ, 1 ਟਮਾਟਰ, 2 ਵੱਡੇ ਚਮਚੇ ਪਿਆਜ਼ ਬਰੀਕ ਕੱਟੇ ਹੋਏ, 1 ਛੋਟਾ ਚਮਚ ਨਿੰਬੂ ਦਾ ਰਸ, 1 ਛੋਟਾ ਚਮਚਾ ਰਿਫਾਇੰਡ ਤੇਲ।

**ਵਿਧੀ** - ਸੋਇਆਬੀਨ ਨੂੰ ਰਾਤ ਨੂੰ ਪਾਣੀ 'ਚ ਭਿਓਂ ਦਿਓ ਤੇ ਸਵੇਰੇ ਕੂਕਰ 'ਚ ਇਕ ਸੀਟਾ ਆਉਣ ਤਕ ਪਕਾਓ। ਸੋਇਆਬੀਨ ਦਾ ਪਾਣੀ ਕੱਢ ਕੇ ਉਸ ਦੇ ਛਿਲਕੇ ਉਤਾਰ ਦਿਓ। ਇਕ ਕੜਾਹੀ 'ਚ ਤੇਲ ਗਰਮ ਕਰੋ ਅਤੇ ਇਸ ਵਿਚ ਰਾਈ ਪਾ ਕੇ ਤੜਕ ਦਿਓ। ਇਸ ਵਿਚ ਅਦਰਕ, ਹਰੀ ਮਿਰਚ, ਪਿਸਿਆ ਹੋਇਆ ਲਸਣ ਪਾ ਦਿਓ ਅਤੇ 1 ਮਿੰਟ ਤੱਕ ਭੁੰਨੋ, ਹਲਦੀ ਪਾਊਡਰ ਅਤੇ ਅੰਕੁਰਿਤਕੀਤੀ ਹੋਈ ਦਾਲ ਅਤੇ 2 ਵੱਡੇ ਚਮਚੇ ਪਾਣੀ ਪਾ ਕੇ ਦਾਲ ਨੂੰ ਆਂਚ 'ਤੇ ਗਲਾਓ। ਜਦੋਂ ਇਸ ਦਾ ਪਾਣੀ ਸੁੱਕਣਾ ਸ਼ੁਰੂ ਹੋ ਜਾਵੇ ਤਾਂ ਇਸ ਵਿਚ ਸੋਇਆਬੀਨ ਪਾ ਦਿਓ। ਇਸ ਤੋਂ ਬਾਅਦ ਅੱਗ ਬੰਦ ਕਰ ਦਿਓ। ਇਸ ਵਿਚ ਟਮਾਟਰ, ਪਿਆਜ਼ ਅਤੇ ਨਿੰਬੂ ਦਾ ਰਸ ਪਾ ਦਿਓ। ਇਸ ਨੂੰ ਸਰਵਿਸ ਪਲੇਟ 'ਚ ਪਾ ਦਿਓ ਅਤੇ ਇਸ ਉਤੇ ਹਰਾ ਧਨੀਆ ਅਤੇ ਚਟਨੀ ਪਾ ਕੇ ਇਸ ਨੂੰ ਸਰਵ ਕਰੋ।

# ਪਾਪੜੀ ਚਾਟ

**ਸਮੱਗਰੀ** - 1/2 ਕੱਪ ਆਟਾ, 1/4 ਛੋਟਾ ਚਮਚਾ ਬੇਕਿੰਗ ਪਾਊਡਰ, 3 ਵੱਡੇ ਚਮਚੇ ਦਹੀਂ, 1/2 ਛੋਟਾ ਚਮਚ ਪੀਸੀ ਹੋਈ ਕਾਲੀ ਮਿਰਚ, ਨਮਕ ਸਵਾਦ ਅਨੁਸਾਰ, 1 ਛੋਟਾ ਚਮਚਾ ਰਿਫਾਇੰਡ ਤੇਲ, 1 ਆਲੂ ਉਬਲਿਆ ਅਤੇ ਕਿਊਬ 'ਚ ਕੱਟਿਆ ਹੋਇਆ, 1 ਟਮਾਟਰ, 1 ਪਿਆਜ਼ ਬਰੀਕ ਕੱਟਿਆ ਹੋਇਆ, 2 ਵੱਡੇ ਚਮਚੇ ਅੰਕੁਰਿਤ ਮੂੰਗ, 2 ਵੱਡੇ ਚਮਚੇ ਅਨਾਰ ਦੇ ਦਾਣੇ, 1/2 ਪਿਆਲਾ ਦਹੀਂ, 3 ਵੱਡੇ ਚਮਚੇ ਸੋਂਠ, 1 ਵੱਡਾ ਚਮਚਾ ਹਰੀ ਚਟਨੀ, ਨਮਕ, ਮਿਰਚ ਸਵਾਦ ਅਨੁਸਾਰ।

**ਵਿਧੀ** - ਆਟੇ 'ਚ ਬੇਕਿੰਗ ਪਾਊਡਰ, ਦਹੀਂ, ਨਮਕ, ਕਾਲੀ ਮਿਰਚ ਪਾ ਕੇ ਅਤੇ ਸਖ਼ਤ ਆਟਾ ਗੁੰਨੋ। 10 ਛੋਟੇ-ਛੋਟੇ ਹਿੱਸਿਆਂ 'ਚ ਵੰਡ ਲਵੋ ਅਤੇ ਛੋਟੇ-ਛੋਟੇ ਪਾਪੜੀ ਬੇਲ ਕਰ ਕੇ ਉਸ 'ਚ ਕਾਂਟੇ ਦੀ ਮਦਦ ਨਾਲ ਛੇਕ ਕਰ ਦਿਉ। ਫਿਰ ਬੁਰਸ਼ ਦੀ ਸਹਾਇਤਾ ਨਾਲ ਇਨ੍ਹਾਂ ਦੇ ਦੋਨੋਂ ਪਾਸਿਆਂ 'ਤੇ ਰਿਫਾਇੰਡ ਤੇਲ ਲਗਾ ਦਿਉ ਅਤੇ 200 ਡਿਗਰੀ ਦੇ ਤਾਪਮਾਨ 'ਤੇ ਗਰਮ ਕਰੋ ਅਤੇ ਉਸ ਨੂੰ 8-10 ਮਿੰਟਤੱਕ ਰੱਖੋ। ਪਲੇਟ 'ਚ ਪਾਪੜੀ ਰੱਖੋ। ਇਸ ਵਿਚ ਆਲੂ, ਟਮਾਟਰ, ਪਿਆਜ਼, ਅੰਕੁਰਿਤ ਕੀਤੀ ਹੋਈ ਦਾਲ, ਦਹੀਂ, ਸੋਂਠ, ਚਟਨੀ ਅਤੇ ਨਮਕ, ਮਿਰਚ ਪਾਓ। ਇਸ ਦੇ ਉਪਰ ਅਨਾਰ ਦੇ ਦਾਣੇ ਪਾ ਕੇ ਸਰਵ ਕਰੋ।



# ਗਾਜਰਾਂ ਰੱਖਣ ਰੌਸ਼ਨ ਅੱਖਾਂ




40 ਸਾਲ ਦੀ ਉਮਰ ਪਿੱਛੋਂ ਬਹੁਤ ਸਾਰੇ ਲੋਕਾਂ ਦੀਆਂ ਅੱਖਾਂ ਦੀ ਰੋਸ਼ਨੀ ਧੁੰਦਲੀ ਪੈਣ ਲਗਦੀ ਹੈ। ਅੱਖਾਂ ਨੂੰ ਸ਼ਾਂਤੀ ਪ੍ਰਦਾਨ ਕਰਨ ਵਾਲੇ ਕੁਝ ਰਸਾਇਣ 40 ਸਾਲ ਤੋਂ ਬਾਅਦ ਹੌਲੀ-ਹੌਲੀ ਘਟਣ ਲਗਦੇ ਹਨ। ਇਹ ਹੱਲ ਕਿਸੇ ਦਵਾਈ ਨਾਲ ਸੰਭਵ ਨਹੀਂ ਹੈ।

ਗਾਜਰ ਇਹ ਕੰਮ ਅਸਾਨੀ ਨਾਲ ਕਰ ਸਕਦੀ ਹੈ, ਕਿਉਂਕਿ ਗਾਜਰ ਵਿਚ ਬੀਟਾ ਕੈਰੋਟਿਨ ਨਾਂਅ ਦਾ ਅੰਜਾਇਮ ਹੁੰਦਾ ਹੈ। ਇਸ ਤੋਂ ਇਲਾਵਾ ਐਂਟੀ ਐਕਸੀਡੇਂਟ, ਵਿਟਾਮਿਨ 'ਸੀ', 'ਈ' ਅਤੇ ਜ਼ਿੰਕ ਗਾਜਰ ਖਾਣ ਨਾਲ ਤੁਸੀਂ ਲੰਮੇ ਸਮੇਂ ਤੱਕ ਅੱਖਾਂ ਦੀਆਂ ਬੀਮਾਰੀਆਂ ਤੋਂ ਬਚੇ ਰਹੋਗੇ। ਇਸ ਤੋਂ ਇਲਾਵਾ ਗਾਜਰ ਸੰਪੂਰਨ ਸਰੀਰ ਲਈ ਵੀ ਲਾਭਕਾਰੀ ਹੈ।

# ਘਰ ਦੀ ਰਸੋਈ

ਪੇਸ਼ਕਸ਼:
ਭਾਗਵੰਤੀ ਪੁਰਬਾ



## ਔਲੇ ਦਾ ਮੁਰੱਬਾ

**ਸਮੱਗਰੀ :**

250 ਗ੍ਰਾਮ ਔਲਾ, 250 ਗ੍ਰਾਮ ਚੀਨੀ, ਚੁਟਕੀ ਜਿੰਨੀ ਫਟਕੜੀ ਪਿਸੀ ਹੋਈ, ਅੱਠ-ਦਸ ਧਾਗੇ ਕੇਸਰ।

**ਵਿਧੀ :**


ਔਲੇ ਧੋ ਕੇ ਸਲਾਈ ਜਾਂ ਚਾਕੂ ਨਾਲ ਚਾਰੋਂ ਪਾਸਿਓਂ ਗੁੱਦਾ ਕੱਢ ਲਓ। ਫਟਕੜੀ ਨੂੰ ਪਾਣੀ 'ਚ ਘੋਲ ਲਓ। ਇਸ 'ਚ ਔਲੇ 30-40 ਮਿੰਟ ਲਈ ਪਾ ਕੇ ਰੱਖੋ। ਫਟਕੜੀ ਦੇ ਪਾਣੀ 'ਚੋਂ ਔਲੇ ਕੱਢ ਕੇ ਸਾਦੇ ਪਾਣੀ ਵਿਚ ਪਾ ਕੇ ਸਟੀਮ ਕਰ ਲਓ। ਚੀਨੀ ਦੀ ਦੋ ਤਾਰ ਦੀ ਚਾਸ਼ਨੀ ਬਣਾ ਲਓ। ਔਲਾ ਤੇ ਕੇਸਰ ਪਾ ਕੇ ਪਕਾਓ। ਜਦ ਚਾਸ਼ਣੀ ਗਾੜੀ ਹੋ ਜਾਏ ਤਾਂ ਹੇਠਾਂ ਉਤਾਰ ਲਓ। ਠੰਢਾ ਕਰਕੇ ਜਾਰ 'ਚ ਰੱਖੋ। ਥਕਾਵਟ ਦੂਰ ਕਰਨ ਵਾਲਾ ਤੇ ਦਿਮਾਗ ਨੂੰ ਤੇਜ਼ ਕਰਨ ਵਾਲਾ ਮੁਰੱਬਾ ਤਿਆਰ ਹੈ।







## ਗਾਜਰ ਦਾ ਮੁਰੱਬਾ



**ਸਮੱਗਰੀ :**

500 ਗ੍ਰਾਮ ਗਾਜਰ, 400 ਗ੍ਰਾਮ ਚੀਨੀ, 1/2 ਛੋਟਾ ਚਮਚ ਇਲਾਇਚੀ ਦੇ ਦਾਣੇ, 8-10 ਧਾਗੇ ਕੇਸਰ, 1 ਨਿੰਬੂ ਦਾ ਰਸ।

**ਵਿਧੀ :**

ਲਾਲ ਗਾਜਰਾਂ ਨੂੰ ਛਿਲ ਕੇ ਧੋ ਲਓ। ਇਨਾਂ ਦੇ 2-3 ਲੰਬੇ ਗੋਲ ਟੁਕੜੇ ਕੱਟ ਲਓ। ਇਕ ਪਤੀਲੇ 'ਚ ਪਾਣੀ ਗਰਮ ਕਰੋ। ਇਸ 'ਚ ਗਾਜਰ ਦੇ ਟੁਕੜੇ ਪਾ ਕੇ 1 ਮਿੰਟ ਲਈ ਢੱਕ ਦਿਓ। ਛਾਣਨੀ ਨਾਲ ਛਾਣ ਕੇ ਪਾਣੀ ਅਲੱਗ ਕਰੋ। ਚੀਨੀ ਦੀ 1 ਤਾਰ ਦੀ ਚਾਸ਼ਣੀ ਤਿਆਰ ਕਰ ਲਓ। ਗਾਜਰ ਚਾਸ਼ਣੀ 'ਚ ਪਾ ਕੇ, ਦੋ ਮਿੰਟ ਪਕਾ ਲਓ। ਜਦ ਚਾਸ਼ਣੀ 2 ਤਾਰ ਦੀ ਹੋ ਜਾਵੇ ਤੇ ਗਾਜਰ ਪੱਕ ਜਾਵੇ ਤਾਂ ਹੇਠ ਦਾਣੇ ਉਤਾਰ ਲਓ। ਕੇਸਰ ਤੇ ਇਲਾਇਚੀ ਦੇ ਦਾਣੇ, ਨਿੰਬੂ ਦਾ ਰਸ ਮਿਲਾ ਦਿਉ। ਪੌਸ਼ਟਿਕ ਤੇ ਲਜੀਜ਼ ਮੁਰੱਬਾ ਤਿਆਰ ਹੈ।

Scanned with CamScanner




# ਸਾਦੀਆਂ ਤੇ ਦਿਲਕਸ਼ ਗੱਲਾਂ ਨਾਲ ਦਿਲ ਜਿੱਤਣ ਵਾਲੇ ਮਲਕੀਤ ਰੌਣੀ

ਜਸਵੀਰ ਪੁੜੈਣ



ਪੰਜਾਬੀ ਫ਼ਿਲਮਾਂ, ਨਾਟਕ ਅਤੇ ਗੀਤਾਂ ਵਿਚ ਨਿੱਗਰ, ਨਰੋਏ ਅਤੇ ਸਾਫ਼-ਸੁਥਰੇ ਰੋਲ ਅਦਾ ਕਰਨ ਵਾਲੇ ਅਦਾਕਾਰ ਜੋ ਆਪਣੀ ਹਰ ਗੱਲ ਨਾਲ ਜਿੱਥੇ ਦਰਸ਼ਕਾਂ ਦੇ ਦਿਲ ਨੂੰ ਟੁੰਬਦੇ ਅਤੇ ਉਤਸੁਕਤਾ ਵਧਾਉਂਦੇ ਹਨ ਉਥੇ ਨਾਲ-ਨਾਲ ਭੁੱਲ ਭੁੱਲ ਪੈਣ ਵਾਲਾ ਹਾਸਾ ਤੇ ਗਿਆਨ ਭਰਪੂਰ ਗੱਲਾਂ ਨਾਲ ਦਰਸ਼ਕਾਂ ਦਾ ਦਿਲ ਜਿੱਤਣ ਵਾਲੇ ਪੰਜਾਬੀ ਸਰਦਾਰ 'ਮਲੀਕਤ ਰੌਣੀ' ਜੀ ਆਪਣੀ ਵੱਖਰੀ ਪਛਾਣ ਰੱਖਦੇ ਹਨ।

ਮਲਕੀਤ ਰੌਣੀ ਜੀ ਦਾ ਜਨਮ ਪਿੰਡ ਰੌਣੀ ਖੁਰਦ ਮੋਰਿੰਡਾ ਚਮਕੌਰ ਸਾਹਿਬ ਰੋਡ ਤੇ ਜੋ ਐਸ.ਵਾਈ.ਐਲ. ਨਹਿਰ ਦੇ ਕੰਢੇ ਵਸਦੇ ਹੈ ਪਿਤਾ ਸ. ਗੁਰਚਰਨ ਸਿੰਘ ਤੇ ਮਾਤਾ ਜੀ ਭੁਪਿੰਦਰ ਕੌਰ ਦੇ ਘਰ 8 ਨਵੰਬਰ 1975 ਨੂੰ ਹੋਇਆ। ਆਪ ਜੀ ਦੋ ਭਰਾ ਇਕ ਭੈਣ ਹਨ। ਬੇਸ਼ੱਕ ਰੌਣੀ ਸਾਹਿਬ ਦਾ ਰਹਿਣ ਬਸੇਰਾ ਉਹਨਾਂ ਦੇ ਨਿੱਤ ਦੇ ਪ੍ਰੋਗਰਾਮਾਂ ਤੇ ਮੁਨੱਸਰ ਹੈ ਪਰ ਫਿਰ ਵੀ ਉਹਨਾਂ ਦੀ ਪੱਕੀ ਰਿਹਾਇਸ਼ ਉਹਨਾਂ ਦੇ ਜੱਦੀ ਪਿੰਡ ਰੌਣੀ ਖੁਰਦ ਵਿਖੇ ਹੀ ਮਾਤਾ ਭੁਪਿੰਦਰ ਕੌਰ ਜੀ ਦੀ ਛਤਰ ਛਾਇਆ ਹੇਠ ਆਪਣਾ ਭਰਾ ਤਜਿੰਦਰ ਸਿੰਘ ਜੀ ਜੋ ਕਿ ਪਿੰਡ ਦੇ ਨੰਬਰਦਾਰ ਹਨ ਦੇ ਨਾਲ ਇਕੋ ਪਰਿਵਾਰ ਵਿਚ ਜਿੱਥੇ ਇਹਨਾਂ ਦੀ ਧਰਮ ਪਤਨੀ ਗੁਰਪ੍ਰੀਤ ਕੌਰ, ਬੇਟੀ ਨਵਦੀਪ ਕੌਰ, ਭਾਬੀ, ਭਰਾ ਦਾ ਬੇਟਾ (ਭਤੀਜਾ) ਤਰਮਨਦੀਪ ਸਿੰਘ ਸਾਰਾ ਹੀ ਪਰਿਵਾਰ ਮਾਤਾ ਭੁਪਿੰਦਰ ਕੌਰ ਜੀ ਜੋ ਕਿ ਲਗਭਘ 70 ਵਰ੍ਹਿਆਂ ਦੇ ਹਨ ਦੇ ਕਹਿਣੇ ਅਤੇ ਅਸ਼ੀਰਵਾਦ ਨਾਲ ਖੁਸ਼ੀ ਭਰੀ ਜ਼ਿੰਦਗੀ ਬਸਰ ਕਰ ਰਹੇ ਹਨ।

ਰੌਣੀ ਸਾਹਿਬ ਨੇ ਆਪਣੀ ਪਹਿਲੀ ਤੋਂ ਲੈ ਕੇ ਬਾਹਰਵੀਂ (+2) ਤੱਕ ਦੀ ਪੜ੍ਹਾਈ ਖੰਟ ਮਾਨਪੁਰ ਤੋਂ ਕੀਤੀ। ਸਕੂਲ ਦੌਰਾਨ ਸੱਤਵੀਂ ਜਮਾਤ ਵਿਚ ਪੜ੍ਹਦੇ ਸੀ ਤਾਂ ਇਕ ਦਿਨ ਭਾਈ ਮੰਨਾ ਸਿੰਘ ਜੀ ਦੀ ਟੀਮ ਨੇ ਸਕੂਲ ਵਿਚ ਨਾਟਕ ਕੀਤੇ ਜਿੰਨਾਂ ਨੂੰ ਦੇਖ ਕੇ ਆਪ ਬਹੁਤ ਪ੍ਰਭਾਵਿਤ ਹੋਏ। ਇਥੋਂ ਆਪ ਜੀ ਦੇ ਅੰਦਰ ਨਾਟਕਕਾਰੀ ਦੀ ਲਗਨ ਲੱਗੀ ਤੇ ਉਸ ਦਿਨ ਤੋਂ ਹੀ ਆਪ ਨੇ ਡਾ. ਗੁਰਸ਼ਰਨ ਸਿੰਘ ਜੀ (ਭਾਈ ਮੰਨਾ ਸਿੰਘ) ਦਾ ਪੱਲਾ ਫੜ ਲਿਆ। ਫਿਰ ਤਾਂ ਆਪ ਹਰ ਸ਼ਨੀਵਾਰ-ਐਤਵਾਰ ਭਾਈ ਮੰਨਾ ਸਿੰਘ ਜੀ ਦੀ ਸੰਗਤ ਕਰਨ ਲੱਗੇ ਅਤੇ ਅਦਾਕਾਰੀ ਦੇ ਗੁਰ ਪ੍ਰਾਪਤ ਕੀਤੇ। ਆਪਣੇ ਅੰਦਰ ਦੀ ਕਲਾ ਨੂੰ ਦਰਸ਼ਕਾਂ ਦੇ ਰੂ-ਬ-ਰੂ ਕਰਨ ਲਈ ਤਿਆਰ ਕੀਤਾ।

ਮਲਕੀਤ ਰੌਣੀ ਜੀ ਨੇ ਜ਼ਿੰਦਗੀ ਦਾ ਸਭ ਤੋਂ ਪਹਿਲਾ ਨਾਟਕ ਡਾ. ਗੁਰਸ਼ਰਨ ਸਿੰਘ ਜੀ ਦੀ ਅਗਵਾਈ ਹੇਠ ਸੰਤ ਸਿੰਘ ਸੇਖੋਂ ਜੀ ਦੁਆਰਾ ਲਿਖੀ ਇਕਾਂਗੀ 'ਦੂਜਾ ਵਿਆਹ' ਵਿਚ ਬੁੱਢੀ ਦਾ ਰੋਲ ਕੀਤਾ ਜੋ ਕਿ ਇਕ ਲਾਲਚੀ ਸੱਸ ਦਾ ਕਿਰਦਾਰ ਸੀ। ਜੋ ਰੌਣੀ ਸਾਹਿਬ ਨੇ ਬਹੁਤ ਹੀ ਸ਼ਲਾਘਾਯੋਗ ਅਦਾਕਾਰੀ ਕੀਤੀ ਜਿਸ ਦਾ ਸੁਆਗਤ ਦਰਸ਼ਕਾਂ ਨੇ ਬੇਸ਼ੁਮਾਰ ਤਾੜੀਆਂ ਤੇ ਵਾਹ-ਵਾਹ ਨਾਲ ਕੀਤਾ। ਇਥੋਂ ਫੇਰ ਭਾਈ ਮੰਨਾ ਸਿੰਘ ਜੀ ਨਾਲ ਨਾਟਕਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ ਤੇ 'ਅਲਫਾ ਪੰਜਾਬੀ' ਤੇ ਸੀਰੀਅਲਾਂ ਵਿਚ ਕੰਮ ਕਰਨਾ ਸ਼ੁਰੂ ਕਰ ਦਿੱਤਾ।

ਫਿਰ 1992 ਵਿਚ ਚੇਤਨਾ ਕਲਾ ਮੰਚ ਚਮਕੌਰ ਸਾਹਿਬ ਦਾ ਨਿਰਮਾਣ ਕੀਤਾ ਜੋ ਪਿੰਡ-ਪਿੰਡ, ਸ਼ਹਿਰ-ਸ਼ਹਿਰ ਜਾ ਕੇ ਨਾਟਕਾਂ ਦੁਆਰਾ ਲੋਕਾਂ ਦਾ ਮਨੋਰੰਜਨ ਤਾਂ ਕਰਦੇ ਹੀ ਸਨ ਸਗੋਂ ਦਰਸ਼ਕਾਂ ਵਿਚ ਦੇਸ਼ ਭਗਤੀ ਤੇ ਸਮਾਜਿਕ ਕੁਰੀਤੀਆਂ ਤੇ ਨਸ਼ਿਆਂ ਖਿਲਾਫ਼ ਲੜਨ ਦਾ ਜਜ਼ਬਾ ਵੀ ਪੈਦਾ ਕਰਦੇ ਸੀ। ਜੋ ਉਦੋਂ ਤੋਂ ਲੈ ਕੇ ਹੁਣ ਤੱਕ ਨਿਰਵਿਘਨ ਚੱਲ ਰਹੀ ਹੈ ਤੇ ਸਮਾਜ ਸੁਧਾਰ ਦਾ ਸ਼ਲਾਘਾਯੋਗ ਉਪਰਾਲਾ ਕਰਦੇ ਆ ਰਹੇ ਹਨ ਜਿਸ ਵਿਚ ਬਤੌਰ ਜਨਰਲ ਸਕੱਤਰ ਦੀ ਸੇਵਾ ਨਿਭਾਉਂਦੇ ਹਨ।

ਫੇਰ ਮਲਕੀਤ ਰੌਣੀ ਜੀ ਨੂੰ ਸੀਰੀਅਲ ਕਰਨ ਦਾ ਮੌਕਾ ਮਿਲਿਆ ਤੇ ਆਪ ਜੀ ਨੇ 'ਸਰਹੱਦ, ਮਨ ਜੀਤੇ ਜੱਗ ਜੀਤ, ਕੌੜਾ ਸੱਚ, ਸੌਦੇ ਦਿਲਾਂ ਦੇ' ਆਦਿ ਕਾਫੀ ਸੀਰੀਅਲ ਕੀਤੇ। ਫੇਰ ਸੋਨੀ ਟੀ.ਵੀ. ਤੇ 'ਮੀਤ ਮਿਲਾਦੇ ਰੱਬਾ' ਵਿਚ ਰਜ਼ਾ ਮੁਰਾਦ ਦੇ ਭਰਾ ਦਾ ਰੋਲ ਕੀਤਾ ਜੋ ਕਿ ਸਰਦਾਰ ਦਾ ਰੋਲ ਸੀ।

ਮਲਕੀਤ ਰੌਣੀ ਜੀ 2005 ਤੋਂ ਲੈ ਕੇ 2013 ਤੱਕ ਲਗਾਤਾਰ ਬੰਬੇ ਰਹੇ। ਉਥੇ ਇਹਨਾਂ ਨੇ ਹਿੰਦੀ ਫ਼ਿਲਮਾਂ 'ਲੰਡਨ ਡਰੀਮਜ਼, ਨੋ ਪਰੌਬਲਮ, ਸ਼ੂਟਰ, ਦੀਵਾਰ, ਆਤਿਥੀ ਤੁਮ ਕਬ ਜਾਓਗੇ' ਕੀਤੀਆਂ ਜੋ ਸੁਪਰਹਿੱਟ ਰਹੀਆਂ ਅਤੇ ਆਪ ਨੇ ਦੋ ਹਾਲੀਵੁੱਡ ਫ਼ਿਲਮਾਂ 'ਦੀ ਜੀਨੀਅਸ ਆਫ਼ ਬਿਊਟੀ ਅਤੇ ਪਾਰਟੀਸਨ' ਵਿਚ ਕੰਮ ਕੀਤਾ। ਬਹੁਤ ਸਾਰੇ ਹਿੰਦੀ ਸੀਰੀਅਲਾਂ ਵਿਚ ਕੰਮ ਕੀਤਾ।



ਪੰਜਾਬੀ ਫ਼ਿਲਮਾਂ ਦਾ ਵੱਡਾ ਦੌਰ ਸ਼ੁਰੂ ਹੋਣ 'ਤੇ ਬਹੁਤ ਸਾਰੀਆਂ ਪੰਜਾਬੀ ਫ਼ਿਲਮਾਂ ਜਿਵੇਂ 'ਅਰਦਾਸ, ਬੰਬੂਕਾਟ, ਮੈਂ ਤੇਰੀ ਤੂੰ ਮੇਰਾ, ਇਕ ਕੁੜੀ ਪੰਜਾਬ ਦੀ, ਟਾਈਗਰ, ਚੱਕ ਜਵਾਨਾ, ਪੰਜਾਬ 2016, ਸਾਹਬ ਬਹਾਦਰ, ਸਰਘੀ, ਮੰਜੇ ਬਿਸਤਰੇ, ਅਸਲੀ ਪੰਜਾਬ ਆਦਿ ਅਨੇਕਾਂ ਫ਼ਿਲਮਾਂ ਵਿਚ ਬਹੁਤ ਵਧੀਆ ਕਿਰਦਾਰ ਨਿਭਾਏ ਜੋ ਮਸ਼ਹੂਰ ਰਹੇ। ਇਸ ਤੋਂ ਇਲਾਵਾ ਪੰਜਾਬੀ ਗੀਤਾਂ ਦੇ ਬਹੁਤ ਸਾਰੇ ਵੀਡੀਓ ਵਿਚ ਵੀ ਕੰਮ ਕੀਤਾ ਜਿਨ੍ਹਾਂ ਵਿਚੋਂ ਕਿਸਾਨੀ ਦੀ ਹੂ-ਬ-ਹੂ ਤਸਵੀਰ ਪੇਸ਼ ਕਰਦਾ ਗੀਤ "ਮੈਂ ਪਿੰਡ ਪੈਦਲ ਤੁਰਿਆ ਜਾਵਾਂ ਫਸਲ ਵੇਚ ਕੇ ਲੱਖਾਂ ਦੀ', 'ਪੈਸਾ ਕੋਲ ਨਹੀਂ ਸੀ ਕਰਦਾ ਕਿਵੇਂ ਸਵਾਰੀ ਬੱਸਾਂ ਦੀ' ਨੇ ਵਿਸ਼ੇਸ਼ ਨਾਮ ਖੱਟਿਆ।

ਮਲਕੀਤ ਰੌਣੀ ਜੀ ਨੇ 2015 ਵਿਚ 'ਧਰਮਰਾਜ ਡਾਟ ਕਾਮ' ਦੇ ਕੈਨੇਡਾ ਅਤੇ ਹੋਰ ਯੂਰਪ ਦੇਸ਼ ਵਿਚ ਸ਼ੋਅ ਕੀਤੇ ਜਿਥੇ ਇਨ੍ਹਾਂ ਨੂੰ ਬਹੁਤ ਭਰਵਾਂ ਹੁੰਗਾਰਾ ਮਿਲਿਆ। ਹੁਣ ਫਿਰ 2017 ਵਿਚ ਗੁਰਚੇਤ ਚਿੱਤਰਕਾਰ ਜੀ ਦਾ ਲਿਖਿਆ ਹੋਇਆ ਨਾਟਕ 'ਅਸੀਂ ਬੋਲਾਂਗੇ ਸੱਚ' ਲੈ ਕੇ ਪੂਰੀ ਟੀਮ ਅਮਰੀਕਾ ਜਾ ਰਹੀ ਹੈ।

ਰੌਣੀ ਜੀ ਦੀ ਟੀਮ ਦੇ ਮੁੱਖ ਮੈਂਬਰ ਹਨ ਮੈਡਮ ਗੁਰਪ੍ਰੀਤ ਕੌਰ ਭੰਗੂ, ਹਰਵਿੰਦਰ ਔਜਲਾ, ਇਕੱਤਰ, ਪ੍ਰਕਾਸ਼ ਗਾਦੂ, ਮੱਖਣ ਖੋਖਰ।

ਆਪਦੇ ਨਾਟਕਾਂ ਦੇ ਵਿਸ਼ੇ ਜ਼ਿਆਦਾਤਰ ਸਮਾਜ ਸੇਵੀ ਹਨ ਅਤੇ ਬੁਰਾਈਆਂ ਖਿਲਾਫ਼ ਜਿਵੇਂ ਨਸ਼ੇ, ਭਰੂਣ ਹੱਤਿਆ, ਦਹੇਜ ਪ੍ਰਥਾ ਵਿਰੁੱਧ ਲੜਦੇ ਹਨ।

ਕਲਾਕਾਰੀ ਦੇ ਨਾਲ ਹੀ ਆਪ ਬਹੁਤ ਸਾਰੇ ਸਮਾਜ ਭਲਾਈ ਦੇ ਕੰਮ ਵੀ ਕਰਦੇ ਹਨ। ਆਪ ਵੱਲੋਂ ਬਹੁਤ ਸਾਰੀਆਂ ਸੰਸਥਾਵਾਂ ਵਿਚ ਯੋਗਦਾਨ ਪਾਇਆ ਜਾਂਦਾ ਹੈ ਤੇ ਇਕ ਸੰਸਥਾ "ਰੂਰਲ ਇੰਸਟੀਚਿਊਟ ਕੈਰੀਅਰ ਫਾਰ ਕੋਰਸਿਸ" ਚਮਕੌਰ ਸਾਹਿਬ ਸਥਾਪਿਤ ਕੀਤੀ ਗਈ ਹੈ। ਆਪ ਡਾ. ਗੁਰਸ਼ਰਨ ਸਿੰਘ ਜੀ ਨਾਲ ਜੋ ਗੱਲਾਂ ਸਟੇਜ਼ ਤੇ ਬੋਲਦੇ ਸਨ ਉਹਨਾਂ ਨੂੰ ਆਪਣੇ ਨਿੱਜੀ ਜੀਵਨ ਵਿਚ ਵੀ ਲਾਗੂ ਕੀਤਾ।

ਮਲਕੀਤ ਰੌਣੀ ਜੀ ਦਾ ਨੌਜਵਾਨ ਪੀੜ੍ਹੀ ਨੂੰ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਹ ਸੰਦੇਸ਼ ਹੈ ਕਿ 'ਸਾਡਾ ਵਿਰਸਾ' ਜੋ ਬਹੁਤ ਹੀ ਗੌਰਵਮਈ ਹੈ ਸਾਡੇ ਕੋਲ ਸ਼ਹੀਦਾਂ ਦੀ ਵਿਸ਼ਾਲ ਵਿਰਾਸਤ ਹੈ। ਸਾਨੂੰ ਉਹਨਾਂ ਤੇ ਪਹਿਰਾ ਦਿੰਦੇ ਹੋਏ ਸਮਾਜ ਵਿਚ ਨਰੋਈਆਂ ਕਦਰਾਂ-ਕੀਮਤਾਂ ਦੀ ਸਥਾਪਤੀ ਲਈ ਯਤਨ ਕਰਨੇ ਚਾਹੀਦੇ ਹਨ। ਦੁਨੀਆਂ ਵਿਚ ਨੌਜਵਾਨਾਂ ਤੋਂ ਵੱਡੀ ਕੋਈ ਸ਼ਕਤੀ ਨਹੀਂ। ਜਿਹੜੀ ਆਪਣੇ ਯਤਨਾਂ ਸਦਕਾ ਸਮਾਜ ਨੂੰ ਸੋਹਣਾ ਤੇ ਜਿਉਣਯੋਗ ਬਣਾ ਸਕਦੀ ਹੈ। ਆਓ ਯਤਨ ਜੁਟਾਈਏ।

ਰੌਣੀ ਜੀ ਆਪਣੀ ਕਲਾ ਦੁਆਰਾ ਮਾਂ ਬੋਲੀ ਪੰਜਾਬੀ ਦੀ ਪੰਜਾਬ ਦੀ ਧਰਤੀ ਦੀ ਪੰਜਾਬੀ ਸੱਭਿਆਚਾਰ ਦੀ ਬਹੁਤ ਹੀ ਅਣਥੱਕ ਸੇਵਾ ਬੜੇ ਬੁਲੰਦ ਹੌਂਸਲੇ ਨਾਲ ਨਿਭਾ ਰਹੇ ਹਨ ਤੇ ਚੰਗਾ ਸਮਾਜ ਸਿਰਜਣ ਦਾ ਅਥਾਹ ਉਪਰਾਲਾ ਲਗਾਤਾਰ ਕਰ ਰਹੇ ਹਨ।

ਯਾਰਾਂ ਦੇ ਯਾਰ ਦਿਲਦਾਰ ਸੁਭਾਅ ਵਾਲੇ ਹਰ ਕਿਸੇ ਦੇ ਕੰਮ ਆਉਣ ਵਾਲੇ ਪੰਜਾਬ ਦੇ ਸਰਦਾਰ ਮਲਕੀਤ ਰੌਣੀ (ਸਰਦਾਰ ਮਲਕੀਤ ਸਿੰਘ ਰੌਣੀ) ਵਰਗੇ ਮਹਾਨ ਕਲਾਕਾਰ ਉੱਚੇ ਆਦਰਸ਼ ਤੇ ਉੱਚੀ ਸੋਚ ਵਾਲੇ ਸਮਾਜ ਸੁਧਾਰਕ ਜੀ ਨੂੰ ਪ੍ਰਮਾਤਮਾ ਹਮੇਸ਼ਾ ਚੜ੍ਹਦੀ ਕਲਾ ਬਖਸ਼ੇ।

ਮੋ. 98883-32842

ਡਾਇਰੈਕਟਰ: ਭਵਨਦੀਪ ਸਿੰਘ ਪੁਰਬਾ ਫੋਨ: 01636-501620 (ਦਫਤਰ)

ਕੈਲੰਡਰ, ਯੰਤਰੀਆਂ, ਪੁਸਤਕਾਂ, ਡਾਇਰੀਆਂ, ਮੈਗਜੀਨ ਆਦਿ ਪ੍ਰੈਂਟ ਕਰਵਾਉਣ ਲਈ ਸਾਡੇ ਨਾਲ ਸੰਪਰਕ ਕਰੋ ਜੀ।

ਮਹਿਕ ਵਤਨ ਦੀ ਐਡਵੋਟਾਈਜਮੈਂਟ ਕੰਪਨੀ (ਰਜਿ:)

Help Line: 9988-92-9988

Scanned with CamScanner




# ਸੋਹਣਾ ਤੇ ਸਸਤਾ ਦੇਸ਼ ਸਵੀਡਨ

**ਸਵੀਡਨ ਜਾਣ ਆਉਣ ਦਾ ਟੌਲ ਟੈਕਸ ਵੀ ਜ਼ਿਆਦਾ ਨਹੀਂ ਸਗੋਂ ਤਕਰੀਬਨ 200 ਕਰੋਨੇ ਹੀ ਪੈਂਦਾ ਹੈ। ਨੌਰਵੀਜੀਅਨ ਲੋਕ ਸਵੀਡਨ ਤੋਂ ਸਾਲ-ਛਿਮਾਹੀ ਤਕ ਦੇ ਸੌਦੇ-ਸਾਮਾਨ ਲੋੜ ਮੁਤਾਬਕ ਖਰੀਦ ਕੇ ਰੱਖ ਲੈਂਦੇ ਹਨ। ਅੰਕੜੇ ਦੱਸਦੇ ਹਨ ਕਿ 2011 ਵਿੱਚ ਨੌਰਵੇ ਵੱਲੋਂ ਸਵੀਡਨ ਤੋਂ 11.5 ਬਿਲੀਅਨ ਕਰੋਨੇ ਦੀ ਖਰੀਦ ਕੀਤੀ ਗਈ ਜੋ ਭਾਰਤੀ 11,300 ਕਰੋੜ ਦੀ ਰਕਮ ਬਣਦੀ ਹੈ। ਬੱਚਿਆਂ ਅਤੇ ਸੈਲਾਨੀਆਂ ਨੂੰ ਹੀ ਨਹੀਂ ਸਗੋਂ ਨੌਰਵੇ ਵਾਲਿਆਂ ਨੂੰ ਵੀ ਮਿੱਠਾ ਪਿਆਰਾ ਲੱਗਦਾ ਹੈ ਇਹ ਮਿੱਠੀਆਂ ਸੋਹਣੀਆਂ ਤਰ੍ਹਾਂ-ਤਰ੍ਹਾਂ ਦੀਆਂ ਟੌਫੀਆਂ ਵਾਲਾ ਦੇਸ਼ ਸਵੀਡਨ ।**

ਸਵੀਡਨ ਯੂਰਪ ਦਾ ਬੜਾ ਸੋਹਣਾ ਤੇ ਸਸਤਾ ਦੇਸ਼ ਹੈ। ਇਸ ਦਾ ਉੱਤਰ-ਪੂਰਬੀ ਭਾਗ ਫਿਨਲੈਂਡ, ਦੱਖਣੀ ਭਾਗ ਡੈਨਮਾਰਕ ਅਤੇ ਪੱਛਮੀ ਹਿੱਸਾ ਨੌਰਵੇ ਨਾਲ ਲੱਗਦਾ ਹੈ। ਸਵੀਡਨ ਦਾ ਖੇਤਰਫਲ 4,49,964 ਵਰਗ ਕਿਲੋਮੀਟਰ ਅਤੇ ਆਬਾਦੀ 95 ਲੱਖ ਦੇ ਕਰੀਬ ਹੈ। ਇਸ ਦੀ ਰਾਜਧਾਨੀ ਸਟਾਕਹੋਮ (Stockholm) ਹੈ। ਨੌਰਵੇ ਦੇ ਨਾਲ ਲੱਗਦਾ ਇਹ ਮੁਲਕ ਵੀ ਇਸ ਵਾਂਗ ਠੰਢਾ ਦੇਸ਼ ਹੈ।

ਦਰਮਨ ਤੋਂ ਸਵੀਡਨ ਦੀ ਸਰਹੱਦ 132 ਕਿਲੋਮੀਟਰ ਦੂਰ ਹੈ ਜੋ ਕਾਰ ਰਾਹੀਂ ਪੌਣੇ ਕੁ ਦੋ ਘੰਟੇ ਦਾ ਸਫ਼ਰ ਹੈ। ਇੱਕ ਰਸਤਾ ਸਮੁੰਦਰ ਵਿੱਚੋਂ ਸੁਰੰਗ ਰਾਹੀਂ ਵੀ ਜਾਂਦਾ ਹੈ ਜੋ ਦਰਮਨ ਤੋਂ 131 ਕਿਲੋਮੀਟਰ ਬਣਦਾ ਹੈ। ਸਮੁੰਦਰ ਵਿੱਚੋਂ ਲੰਘਦੀ ਇਹ ਸੁਰੰਗ 7 ਕਿਲੋਮੀਟਰ ਲੰਮੀ ਹੈ। ਸਮੁੰਦਰੀ ਸੁਰੰਗ 'ਚੋਂ ਗੁਜ਼ਰਨ ਦਾ ਅਹਿਸਾਸ ਕਿਸੇ ਕ੍ਰਿਸ਼ਮੇ ਤੋਂ ਘੱਟ ਨਹੀਂ ਜਾਪਦਾ। ਨੌਰਵੇ ਤੋਂ ਸਵੀਡਨ ਜਾਣ ਵਾਲੇ ਸੈਲਾਨੀ ਜਾਂ ਆਮ ਲੋਕ ਓਸਲੋ ਤੋਂ ਸਮੁੰਦਰੀ ਜਹਾਜ਼ ਵਿੱਚ ਵੀ ਜਾਂਦੇ ਹਨ। ਕਈ ਲੋਕ ਆਪਣੀ ਕਾਰ ਜਹਾਜ਼ ਵਿੱਚ ਨਾਲ ਲੈ ਜਾਂਦੇ ਹਨ ਤੇ ਸਵੀਡਨ ਜਾ ਕੇ ਆਪਣੀ ਕਾਰ 'ਤੇ ਘੁੰਮਦੇ ਹਨ। ਕਈ ਲੋਕ ਮੁੜਦੇ ਸਮੇਂ ਕਾਰ 'ਤੇ ਹੀ ਵਾਪਸ ਆ ਜਾਂਦੇ ਹਨ। ਦਰਮਨ ਤੋਂ ਸਵੀਡਨ ਜਾਂਦਿਆਂ ਰਾਹ ਵਿੱਚ ਨਾ ਕੋਈ ਚੈੱਕ ਪੋਸਟ ਤੇ ਨਾ ਹੀ ਟੌਲ ਟੈਕਸ ਵਾਲੇ ਦਿਸਦੇ ਹਨ ਪਰ ਇਹ ਵੱਖਰੀ ਗੱਲ ਹੈ ਕਿ ਚਾਰ-ਪੰਜ ਥਾਂ 'ਤੇ ਟੌਲ ਟੈਕਸ ਲਿਆ ਜਾਂਦਾ ਹੈ। ਇਨ੍ਹਾਂ ਲੋਕਾਂ ਦੀਆਂ ਕਾਰਾਂ ਵਿੱਚ ਅਗਲੇ ਸ਼ੀਸ਼ੇ 'ਤੇ ਇੱਕ ਚਿੱਪ ਜਾਂ ਕਾਰਡ ਲੱਗਿਆ ਹੁੰਦਾ ਹੈ ਜਿਸ ਵਿੱਚ ਹਜ਼ਾਰ-ਪੰਦਰਾਂ ਸੌ ਕਰੋਨਾ ਜਮ੍ਹਾਂ ਹੁੰਦਾ ਹੈ। ਟੌਲ ਟੈਕਸ ਤੋਂ ਲੰਘਦਿਆਂ ਵਿਸ਼ੇਸ਼ ਤਕਨੀਕ ਨਾਲ ਉੱਥੇ ਪੈਸੇ ਜਮ੍ਹਾਂ ਹੋ ਜਾਂਦੇ ਹਨ। ਇਸ ਢੰਗ ਨਾਲ ਕੱਟੇ ਜਾਂਦੇ ਪੈਸੇ ਉਨ੍ਹਾਂ ਲੋਕਾਂ ਨਾਲੋਂ ਘੱਟ ਲੱਗਦੇ ਹਨ ਜੋ ਇਨ੍ਹਾਂ ਥਾਵਾਂ 'ਤੇ ਲੱਗੀਆਂ ਮਸ਼ੀਨਾਂ 'ਚ ਪੈਸੇ ਪਾਉਂਦੇ ਹਨ। ਜੇ ਕਾਰਡ ਵਿੱਚ ਪੈਸੇ ਨਾ ਹੋਣ ਤਾਂ ਟੌਲ ਟੈਕਸ ਦਾ ਬਿੱਲ ਘਰ ਆ ਜਾਂਦਾ ਹੈ। ਸਾਰੇ ਰਸਤੇ ਵਿੱਚ ਕਿਤੇ ਕੋਈ ਪੁਲੀਸ ਜਾਂ ਟਰੈਫਿਕ ਪੁਲੀਸ ਵਾਲਾ ਨਹੀਂ ਦਿਸਦਾ, ਨਾ ਹੀ ਥਾਂ-ਥਾਂ 'ਤੇ ਰੋਕ ਕੇ ਕੋਈ ਪੁੱਛ-ਪੜਤਾਲ ਜਾਂ ਕਾਗਜ਼-ਪੱਤਰ ਜਾਂ ਪਾਸਪੋਰਟ ਦੇਖੇ ਜਾਂਦੇ ਹਨ।

ਕੁਝ ਸਮਾਂ ਪਹਿਲਾਂ ਨੌਰਵੇ ਦੀ ਹੱਦ ਤਕ ਸੜਕ 'ਤੇ ਪੀਲੇ ਰੰਗ ਦੀਆਂ ਪੱਟੀਆਂ ਸਨ ਤੇ ਸਵੀਡਨ ਵੱਲ ਸਫ਼ੇਦ ਪਰ ਹੁਣ ਨੌਰਵੇ ਦੀਆਂ ਸੜਕਾਂ 'ਤੇ ਵੀ ਸਫ਼ੇਦ ਪੱਟੀਆਂ ਹਨ। ਪਹਿਲਾਂ ਵੀ ਛੇਤੀ ਕੀਤਿਆਂ ਪਤਾ ਨਹੀਂ ਸੀ ਲੱਗਦਾ ਕਿ ਅਸੀਂ ਸਰਹੱਦ ਲੰਘ ਗਏ ਹਾਂ।

ਮੁਲਕ ਦਾ ਫ਼ਰਕ ਇਨ੍ਹਾਂ ਪੱਟੀਆਂ ਦੇ ਰੰਗ ਤੋਂ ਹੀ ਪਤਾ ਲੱਗਦਾ ਸੀ ਪਰ ਹੁਣ ਇਹ ਅੰਤਰ ਵੀ ਨਹੀਂ ਰਿਹਾ। ਹੁਣ ਤਾਂ 'ਸਵਿਨੇ ਸੁੰਦ' (Svine Sund) ਨਦੀ ਦੇ ਪੁਲ਼ ਉੱਤੇ ਪੁੱਜ ਕੇ ਹੀ ਪਤਾ ਲੱਗਦਾ ਹੈ ਕਿ ਅਸੀਂ ਸਵੀਡਨ 'ਚ ਆ ਵੜੇ ਹਾਂ ਜਾਂ ਵਾਪਸੀ 'ਤੇ ਨੌਰਵੇ ਆ ਵੜੇ ਹਾਂ। ਇਹ ਪੁਲ਼ 700 ਮੀਟਰ ਲੰਮਾ ਹੈ ਜੋ ਅੱਧਾ ਨੌਰਵੇ ਤੇ ਅੱਧਾ ਸਵੀਡਨ ਦਾ ਹੈ। ਸਵੀਡਨ ਦੀ ਹੱਦ 'ਤੇ ਵੜਨ 'ਤੇ ਜ਼ਰਾ ਪਾਸੇ ਹਟਵੇਂ ਕਸਟਮ ਵਾਲੇ ਹੁੰਦੇ ਹਨ ਜੋ ਕਿਸੇ ਨੂੰ ਬੇਵਜ੍ਹਾ ਨਹੀਂ ਰੋਕਦੇ। ਕਿਸੇ ਬਹੁਤ ਸ਼ੱਕੀ ਮਾਮਲੇ 'ਚ ਹੀ ਇਹ ਰੋਕਦੇ ਹਨ। ਜਿਨ੍ਹਾਂ ਲੋਕਾਂ ਨੇ ਕੁਝ ਕਸਟਮ ਦੇਣਾ ਹੁੰਦਾ ਹੈ, ਉਹ ਆਪ ਹੀ ਰੁਕ ਕੇ ਕਸਟਮ ਦੇ ਜਾਂਦੇ ਹਨ। ਇਹੋ ਕਾਰਨ ਹੈ ਕਿ ਆਉਣ-ਜਾਣ ਵਾਲਿਆਂ ਨੂੰ ਕੋਈ ਪ੍ਰੇਸ਼ਾਨੀ ਨਹੀਂ ਹੁੰਦੀ। ਨੌਰਵੇ ਭਾਵੇਂ ਬਹੁਤ ਅਮੀਰ ਮੁਲਕ ਹੈ ਪਰ ਹਰ ਕੋਈ ਬੱਚਤ ਤਾਂ ਕਰਨੀ ਹੀ ਚਾਹੁੰਦਾ ਹੈ। ਨੌਰਵੇ ਵਿੱਚ ਸ਼ਰਾਬ, ਚੀਨੀ, ਟੌਫੀਆਂ-ਗੋਲੀਆਂ, ਤੰਬਾਕੂ ਤੇ ਸਿਗਰਟ 'ਤੇ ਬਹੁਤ ਟੈਕਸ ਹੈ। ਇੱਥੋਂ ਦੀ ਸਰਕਾਰ ਦੀ ਸੋਚ ਗਹਿਰ-ਗੰਭੀਰ ਹੈ ਕਿ ਇਹ ਚੀਜ਼ਾਂ ਸਿਹਤ ਲਈ ਬਹੁਤ ਹਾਨੀਕਾਰਕ ਹਨ, ਇਸ ਲਈ ਕੀਮਤ ਵਧਾ ਦਿੱਤੀ ਜਾਂਦੀ ਹੈ। ਸਵੀਡਨ ਵਿੱਚ ਇਨ੍ਹਾਂ ਵਸਤਾਂ 'ਤੇ ਬਹੁਤ ਹੀ ਘੱਟ ਟੈਕਸ ਹੈ ਤੇ ਉਂਜ ਵੀ ਨੌਰਵੇ ਨਾਲੋਂ ਸਸਤੀਆਂ ਪੈਂਦੀਆਂ ਹਨ ਕਿਉਂਕਿ ਨੌਰਵੇ ਦਾ 100 ਕਰੋਨਾ ਸਵੀਡਨ ਦੇ 116 ਕਰੋਨੇ ਦੇ ਬਰਾਬਰ ਹੈ, ਅਰਥਾਤ ਇਨ੍ਹਾਂ ਲੋਕਾਂ ਨੂੰ ਕਰੰਸੀ ਕਾਰਨ ਹੀ 16 ਫ਼ੀਸਦੀ ਸਸਤਾ ਪੈਣ ਵਾਲਾ ਸਾਮਾਨ ਬਿਨਾਂ ਟੈਕਸ ਜਾਂ ਮਾਮੂਲੀ ਟੈਕਸ ਕਾਰਨ ਬਹੁਤ ਘੱਟ ਕੀਮਤ 'ਤੇ ਮਿਲ ਜਾਂਦਾ ਹੈ। ਇੱਥੋਂ ਦੇ ਵਸਨੀਕਾਂ ਨੂੰ ਗੱਡੀ ਦੇ ਪੈਟਰੋਲ, ਟੌਲ ਟੈਕਸ ਤੇ ਆਪਣੇ ਖਾਣ-ਪੀਣ ਦੇ ਸਾਰੇ ਖਰਚੇ ਕੱਢ ਕੇ ਵੀ ਸਵੀਡਨ ਤੋਂ ਖਰੀਦਦਾਰੀ ਕਰਨੀ ਬਹੁਤ ਲਾਹੇਵੰਦ ਰਹਿੰਦੀ ਹੈ।



ਨੌਰਵੀਜੀਅਨ ਲੋਕ ਛੁੱਟੀ ਵਾਲੇ ਦਿਨ ਸਵੀਡਨ ਘੁੰਮ-ਫਿਰ ਵੀ ਆਉਂਦੇ ਹਨ ਤੇ ਆਪਣੀ ਘਰੇਲੂ ਲੋੜ ਵਾਲਾ ਸਾਮਾਨ ਜਾਂ ਸੌਦਾ-ਪੱਤਾ ਖਰੀਦ ਲਿਆਉਂਦੇ ਹਨ। ਸਵੀਡਨ 'ਚ ਵੜਦਿਆਂ ਹੀ ਇੱਕ ਬਹੁਤ ਵੱਡੇ ਤੇ ਪ੍ਰਸਿੱਧ ਨੂਰਬੀ ਸ਼ਾਪਿੰਗ ਸੈਂਟਰ (Nordby Shopping Center) ਵਿੱਚ ਹਰ ਤਰ੍ਹਾਂ ਦਾ ਸਾਮਾਨ ਮਿਲਦਾ ਹੈ ਪਰ ਉੱਥੇ ਦੇਖਣਯੋਗ ਇੱਕ ਬਹੁਤ ਵਧੀਆ ਥਾਂ ਹੈ ਜਿੱਥੇ ਸਿਰਫ਼ ਬਹੁਤ ਤਰ੍ਹਾਂ ਦੀਆਂ ਟੌਫੀਆਂ-ਚੌਕਲੇਟ ਤੇ ਕੋਲਡ ਡਰਿੰਕਸ ਹੀ ਮਿਲਦੇ ਹਨ। ਇਸ ਸੈਂਟਰ ਵਿੱਚ ਟੌਫੀਆਂ ਬੱਚਿਆਂ ਦੇ ਨਾਲ-ਨਾਲ ਵੱਡਿਆਂ ਲਈ ਵੀ ਵਿਸ਼ੇਸ਼ ਖਿੱਚ ਦਾ ਕਾਰਨ ਬਣਦੀਆਂ ਹਨ। ਇੱਕ ਫੁੱਲ ਜਾਂ ਫਲ ਜਿਵੇਂ ਗੁਲਾਬ ਦਾ ਫੁੱਲ, ਚੈਰੀ, ਅਨਾਨਾਸ, ਅੰਬ, ਕੇਲਾ, ਸੰਤਰਾ, ਸਟਰਾਬਰੀ, ਸੇਬ ਤੇ ਕੀਵੀ ਆਦਿ ਦੀ ਸ਼ਕਲ ਜਾਂ ਮਾਡਲ ਤੋਂ ਲੈ ਕੇ ਜਾਨਵਰਾਂ ਤੇ ਪੰਛੀਆਂ ਦੀ ਸ਼ਕਲ ਦੀਆਂ ਟੌਫੀਆਂ ਵੀ ਮਿਲਦੀਆਂ ਹਨ। ਇਨ੍ਹਾਂ ਵਿੱਚ ਗੰਡੋਏ, ਡੱਡੂ, ਸੱਪ, ਮੱਛੀਆਂ ਤੇ ਮਗਰਮੱਛ ਆਦਿ ਜੀਵਾਂ ਵਾਲੇ ਰੰਗ-ਰੂਪ ਦੀਆਂ ਟੌਫੀਆਂ ਵੀ ਹੁੰਦੀਆਂ ਹਨ। ਇਨ੍ਹਾਂ ਟੌਫੀਆਂ ਵਿੱਚ ਖ਼ੂਬਸੂਰਤ ਤਿੱਤਲੀਆਂ ਵਰਗੀਆਂ ਟੌਫੀਆਂ ਵੀ ਸ਼ਾਮਲ ਹਨ। ਔਰਤ, ਮਰਦ ਤੇ ਬੱਚਿਆਂ ਦੀ ਸ਼ਕਲ ਵਾਲੀਆਂ ਟੌਫੀਆਂ ਦੇ ਖ਼ਾਸ ਤੌਰ 'ਤੇ ਪੈਕਟ ਬਣੇ ਹੁੰਦੇ ਹਨ। ਬਾਹਰੋਂ ਆਏ ਸੈਲਾਨੀ ਇੱਥੋਂ ਟੌਫੀਆਂ ਜ਼ਰੂਰ ਲੈ ਕੇ ਜਾਂਦੇ ਹਨ। ਨੌਰਵੇ ਦੇ ਲੋਕ ਇੱਥੋਂ ਟੌਫੀਆਂ ਲੈਂਦੇ ਹਨ ਪਰ ਇਨ੍ਹਾਂ ਲੋਕਾਂ ਨੇ ਇੱਕ ਆਦਤ ਅਸੂਲ ਵਾਂਗ ਬਣਾਈ ਹੋਈ ਹੈ ਕਿ ਇਹ ਸਿਰਫ਼ ਸ਼ਨਿੱਚਰਵਾਰ ਨੂੰ ਹੀ ਬੱਚਿਆਂ ਨੂੰ ਟੌਫੀਆਂ ਜਾਂ ਚੌਕਲੇਟ ਖਾਣ ਲਈ ਦਿੰਦੇ ਹਨ। ਸਕੂਲ ਵਿੱਚ ਟੌਫੀਆਂ ਜਾਂ ਚੌਕਲੇਟ ਲਿਜਾਣ ਦੀ ਸਖ਼ਤ ਮਨਾਹੀ ਹੈ। ਇਨ੍ਹਾਂ ਚੀਜ਼ਾਂ ਨਾਲੋਂ ਇਹ ਲੋਕ ਫਲ ਅਤੇ ਜੂਸ ਹੀ ਬੱਚਿਆਂ ਨੂੰ ਜ਼ਿਆਦਾ ਦਿੰਦੇ ਹਨ। ਉਹ ਵੱਖਰੀ ਗੱਲ ਹੈ ਕਿ ਇਸ ਥਾਂ ਤੋਂ ਕੋਈ ਵੀ ਨਾਂਹ-ਨਾਂਹ ਕਰਦਿਆਂ ਟੌਫੀਆਂ ਤੇ ਚੌਕਲੇਟ ਖਰੀਦ ਹੀ ਲੈਂਦਾ ਹੈ। ਇੱਕ ਵੱਖਰੀ ਕਿਸਮ ਦੀਆਂ ਟੌਫੀਆਂ ਪਹਿਲੀ ਨਜ਼ਰੇ ਪੰਜਾਬ ਦੀ ਖੋਏ ਦੀ ਬਰਫੀ ਦਾ ਭੁਲੇਖਾ ਪਾਉਂਦੀਆਂ ਹਨ। ਇਹ ਵੇਖਣ ਵਾਲੀ ਥਾਂ ਹੈ।

ਨੌਰਵੇ ਤੋਂ ਸਵੀਡਨ ਲਈ ਬੱਸਾਂ ਦੀ ਆਮ ਸਹੂਲਤ ਹੈ। ਇੱਥੋਂ ਦੀਆਂ ਔਰਤਾਂ ਬੱਸਾਂ 'ਤੇ ਜਾ ਕੇ ਵੀ ਸਵੀਡਨ ਤੋਂ ਖਰੀਦੋ-ਫਰੋਖਤ ਕਰ ਲਿਆਉਂਦੀਆਂ ਹਨ। ਲੋਕੀਂ ਸਵੀਡਨ ਤੋਂ ਸ਼ਰਾਬ, ਸਿਗਰਟ ਜਾਂ ਟੌਫੀਆਂ ਤੋਂ ਇਲਾਵਾ ਖਾਣ-ਪੀਣ ਵਾਲਾ ਬਹੁਤਾ ਸਾਮਾਨ ਵੀ ਖਰੀਦਦੇ ਹਨ। ਆਟਾ, ਚੀਨੀ, ਕੋਲਡ ਡਰਿੰਕ, ਜੂਸ, ਮੈਦਾ, ਬੇਸਣ, ਮੀਟ, ਸਬਜ਼ੀਆਂ ਤੇ ਜੈਮ ਆਦਿ ਵੀ ਇਹ ਲੋਕ ਸਵੀਡਨ ਤੋਂ ਲਿਆਉਂਦੇ ਹਨ। ਇਸ ਦਾ ਇੱਕ ਹੋਰ ਵੱਡਾ ਕਾਰਨ ਹੈ ਕਿ ਸਵੀਡਨ ਯੂਰਪੀਨ ਸੰਘ ਦਾ ਹਿੱਸਾ ਹੈ। ਇਸ ਸੰਘ ਵਿੱਚ 27 ਦੇਸ਼ ਹਨ ਜਿਨ੍ਹਾਂ ਵਿੱਚ ਜਰਮਨੀ, ਫਰਾਂਸ, ਇੰਗਲੈਂਡ ਅਤੇ ਡੈਨਮਾਰਕ ਆਦਿ ਸ਼ਾਮਲ ਹਨ। ਇਨ੍ਹਾਂ ਮੁਲਕਾਂ ਦਾ ਆਪਸੀ ਵਪਾਰਕ ਸਮਝੌਤਾ ਹੈ ਕਿ ਇਹ ਸਾਰੇ ਇੱਕ-ਦੂਜੇ ਮੁਲਕ ਵਿੱਚ ਆਪਣਾ ਸਾਮਾਨ ਖਰੀਦ ਤੇ ਵੇਚ ਸਕਦੇ ਹਨ। ਇਨ੍ਹਾਂ ਮੁਲਕਾਂ ਵਿੱਚ ਇੱਕ-ਦੂਜੇ ਦੇ ਸਾਮਾਨ 'ਤੇ ਕੋਈ ਕਸਟਮ ਨਹੀਂ ਲਗਾਇਆ ਜਾਂਦਾ। ਇਸ ਕਾਰਨ ਵੀ ਸਵੀਡਨ ਸਸਤਾ ਪੈਂਦਾ ਹੈ ਕਿਉਂਕਿ ਨੌਰਵੇ ਯੂਰਪੀਨ ਸੰਘ ਦਾ ਹਿੱਸਾ ਨਹੀਂ ਹੈ।

ਸਵੀਡਨ ਜਾਣ ਆਉਣ ਦਾ ਟੌਲ ਟੈਕਸ ਵੀ ਜ਼ਿਆਦਾ ਨਹੀਂ ਸਗੋਂ ਤਕਰੀਬਨ 200 ਕਰੋਨੇ ਹੀ ਪੈਂਦਾ ਹੈ। ਨੌਰਵੀਜੀਅਨ ਲੋਕ ਸਵੀਡਨ ਤੋਂ ਸਾਲ-ਛਿਮਾਹੀ ਤਕ ਦੇ ਸੌਦੇ-ਸਾਮਾਨ ਲੋੜ ਮੁਤਾਬਕ ਖਰੀਦ ਕੇ ਰੱਖ ਲੈਂਦੇ ਹਨ। ਅੰਕੜੇ ਦੱਸਦੇ ਹਨ ਕਿ 2011 ਵਿੱਚ ਨੌਰਵੇ ਵੱਲੋਂ ਸਵੀਡਨ ਤੋਂ 11.5 ਬਿਲੀਅਨ ਕਰੋਨੇ ਦੀ ਖਰੀਦ ਕੀਤੀ ਗਈ ਜੋ ਭਾਰਤੀ 11,300 ਕਰੋੜ ਦੀ ਰਕਮ ਬਣਦੀ ਹੈ। ਬੱਚਿਆਂ ਅਤੇ ਸੈਲਾਨੀਆਂ ਨੂੰ ਹੀ ਨਹੀਂ ਸਗੋਂ ਨੌਰਵੇ ਵਾਲਿਆਂ ਨੂੰ ਵੀ ਮਿੱਠਾ ਪਿਆਰਾ ਲੱਗਦਾ ਹੈ ਇਹ ਮਿੱਠੀਆਂ ਸੋਹਣੀਆਂ ਤਰ੍ਹਾਂ-ਤਰ੍ਹਾਂ ਦੀਆਂ ਟੌਫੀਆਂ ਵਾਲਾ ਦੇਸ਼ ਸਵੀਡਨ ।

**ਪਰਮਜੀਤ ਕੌਰ ਸਰਹਿੰਦ**
**ਮੋਬਾਈਲ: 98728-98599**

Scanned with CamScanner

ਈਸ਼ਰ ਆ, ਦਲਿੱਦਰ ਜਾ,
ਦਲਿੱਦਰ ਦੀ ਜੜ੍ਹ ਚੁੱਲੇ ਪਾ!
ਸਭ ਨੂੰ ਲੋਹੜੀ ਦੀ ਵਧਾਈ ਹੋਵੇ।

# ਖੁਸ਼ੀਆਂ ਅਤੇ ਚਾਵਾਂ ਦਾ ਪ੍ਰਤੀਕ ਲੋਹੜੀ ਅਤੇ ਮਾਘੀ ਤੇ ਵਿਸ਼ੇਸ਼

ਇਸ ਸਪਲੀਮੈਂਟ ਵਿਚ ਸਹਿਯੋਗ ਦੇਣ ਵਾਲੇ ਸੱਜਣਾ ਮਿੱਤਰਾਂ ਦਾ ਹਾਰਦਿਕ ਧੰਨਵਾਦ।
ਵੱਲੋਂ - ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ 'ਮਹਿਕ ਵਤਨ ਦੀ ਲਾਈਵ') ਸੰਪਰਕ : 9988 92 9988







Scanned with CamScanner

# ਅੰਗਹੀਣਾਂ ਦੀਆਂ ਲੋੜਾਂ ਅਤੇ ਚੁਣੌਤੀਆਂ

## – ਗੁਰਮੇਲ ਸਿੰਘ ਬੌਡੇ

ਮਨੁੱਖ ਦੀ ਹੈਸੀਅਤ ਵਿੱਚ ਅੰਗਹੀਣ ਸਮਾਜ ਦਾ ਅਟੁੱਟ ਹਿੱਸਾ ਹਨ। ਅਪੂਰਨ ਸਰੀਰ ਨਾਲ ਉਹ ਜ਼ਿੰਦਗੀ ਦਾ ਪੰਧ ਤਹਿ ਕਰਦੇ ਹਨ। ਅੰਗਹੀਣਤਾ ਪ੍ਰਤੱਖ ਵੀ ਹੈ ਅਤੇ ਅਪ੍ਰਤੱਖ ਵੀ ਹੈ। ਸਰੀਰ ਦੇ ਕਿਸੇ ਅੰਗ ਦਾ ਨਾ ਹੋਣਾ ਤਾਂ ਦਿਸਦਾ ਹੈ ਪਰ ਬੋਲਣ ਸੁਣਨ ਅਤੇ ਦੇਖਣ ਤੋਂ ਅਪਾਹਜ ਹੋਣਾ ਅਪ੍ਰਤੱਖ ਅੰਗਹੀਣਤਾ ਹੈ ਕੋਈ ਵੀ ਮਨੁੱਖ ਅੰਗਹੀਣ ਨਹੀ ਹੋਣਾ ਚਾਹੁੰਦਾ। ਅੱਜ ਦੇ ਮਸ਼ੀਨਰੀ ਯੁੱਗ ਵਿੱਚ ਘਰੋਂ ਤੁਰਦੇ ਸਮੇਂ ਇਹ ਪਤਾ ਨਹੀ ਹੁੰਦਾ ਕਿ ਸ਼ਾਮ ਨੂੰ ਕਿਸ ਹਾਲਤ ਵਿਚ ਘਰ ਪਰਤਨਾ ਹੈ। ਕਿਸੇ ਨੂੰ ਨਹੀ ਪਤਾ ਕਿ ਕਦੋਂ ਅਧਰੰਗ ਹੋਣ ਕਰਕੇ ਜਾਂ ਦਿਮਾਗ ਦੀ ਨਾੜੀ ਫਟਣ ਕਰਕੇ ਪੋਲੀਓ ਵਾਂਗ ਸਰੀਰ ਦਾ ਕਿਹੜਾ ਹਿੱਸਾ ਬੇਕਾਰ ਹੋ ਜਾਵੇ। ਸਰੀਰਿਕ ਤੌਰ ਤੇ ਪੂਰਨ ਹੋਣ ਦਾ ਘੁਮੰਡ ਕਰਨਾ ਅਤੇ ਅੰਗਹੀਣਾਂ ਦਾ ਮਜ਼ਾਕ ਦਿਲ ਵਿਨ੍ਹਵੇਂ ਅਲੰਕਾਰ ਵਰਤ ਕੇ ਕਰਨ ਵਾਲਾ ਸਮਾਜ ਮਾਨਸਿਕ ਪੱਖੋਂ ਅਪਾਹਜ ਹੁੰਦਾ ਹੈ। ਅਜਿਹਾ ਸਮਾਜ ਅੰਗਹੀਣਾਂ ਨੂੰ ਸਵੈਮਾਣ ਨਾਲ ਜੀਣ ਦਾ ਹੋਸਲਾ ਦੇਣਾ ਜਾਂ ਸਮਾਜਿਕ ਪੱਖੋਂ ਬਰਾਬਰੀ ਦੇਣਾ ਆਪਣੀ ਤੌਹੀਨ ਸਮਝਦਾ ਹੈ। ਆਮ ਮਨੁੱਖ ਮੁਸ਼ਕਲਾਂ ਅੱਗੇ ਢੇਰੀ ਢਾਹ ਕੇ ਨਸ਼ਿਆਂ ਦਾ ਸਹਾਰਾ ਲੈਂਦੇ ਹਨ। ਕਈ ਵਾਰ ਤਾਂ ਖੁਦਕਸ਼ੀ ਵੀ ਕਰ ਜਾਂਦੇ ਹਨ ਕੀ ਸਮਾਜ ਵਿੱਚ ਕਿਸੇ ਅੰਗਹੀਣ ਨੇ ਖੁਦਕਸ਼ੀ ਕੀਤੀ ਹੈ ? ਸਮਾਜ ਵਿੱਚ ਅੰਗਹੀਣਾਂ ਨਾਲ ਕੀਤਾ ਜਾਣ ਵਾਲਾ ਸਲੂਕ ਕਿਸੇ ਜਾਤੀ ਵਿਤਕਰੇ ਤੋਂ ਘੱਟ ਨਹੀ ਹੈ। ਅੰਗਹੀਣਾਂ ਨੂੰ ਦੋਹਰਾ ਮਾਨਸਿਕ ਸੰਤਾਪ ਭੋਗਣਾ ਪੈਂਦਾ ਹੈ। ਇੱਕ ਨੀਵੀਂ ਜਾਤੀ ਹੋਣ ਕਰਕੇ ਤੇ ਦੂਸਰਾ ਅੰਗਹੀਣ ਹੋਣ ਕਰਕੇ ਪਰ ਸਮਾਜ ਇਹ ਨਹੀ ਜਾਣਦਾ ਕਿ ਅੰਗਹੀਣ ਵੀ ਪੜ੍ਹੇ ਲਿਖੇ, ਵਿਦਵਾਨ, ਸਾਹਿਤਕਾਰ, ਕਲਾਕਾਰ ਜਾਂ ਵਿਗਿਆਨੀ ਵੀ ਹੁੰਦੇ ਹਨ। ਲੋਕਤੰਤਰ ਸਿਰਫ ਵੋਟਰ ਹੋਣ ਦੀ ਸਮਾਨਤਾ ਦਿੰਦਾ ਹੈ ਵਿਤਕਰੇ ਤੋਂ ਮੁਕਤੀ ਨਹੀ ਦਿੰਦਾ। ਅੰਗਹੀਣਾਂ ਨੂੰ ਤਰਸ ਦੀ ਨਿਗਾਹ ਨਾਲ ਦੇਖਿਆ ਜਾਦਾ ਹੈ। ਇਹ ਤੰਤਰ ਵੀ ਅੰਗਹੀਣਾਂ ਦੀ ਬੇਬਸੀ ਨੂੰ ਤਮਾਸ਼ਬੀਨ ਬਣਕੇ ਦੇਖਦਾ ਹੈ ਕਿਉਂਕਿ ਕਿਸੇ ਵੀ ਰਾਜਸੀ ਪਾਰਟੀ ਦੇ ਚੋਣ ਮੈਨੀਫੈਸਟੋ ਵਿੱਚ ਅੰਗਹੀਣਾਂ ਦੇ ਮਸਲਿਆਂ ਦਾ ਹੱਲ ਕਰਨਾ ਸ਼ਾਮਿਲ ਨਹੀ ਹੈ।

ਸਕੂਲਾਂ ਕਾਲਜਾਂ ਵਿੱਚ ਵੀ ਵਜ਼ੀਫਾ ਦੇਣ ਵਿੱਚ ਚੋਣ ਕਰਨ ਲਈ ਕਿਹਾ ਜਾਂਦਾ ਹੈ ਕਿ ਅੰਗਹੀਣਤਾਂ ਦਾ ਲਵੋਗੇ ਜਾਂ ਨੀਵੀ ਜਾਤੀ ਹੋਣ ਦਾ। ਇਸ ਵਿੱਚ ਵੀ ਸ਼ਰਤਾਂ ਲਗਾ ਕੇ 'ਨਾ ਨੌ ਮਣ ਤੇਲ ਹੋਵੇ ਨਾ ਰਾਧਾ ਨੱਚੇ' ਵਾਂਗ ਕੁਝ ਵੀ ਪ੍ਰਾਪਤ ਨਹੀ ਹੁੰਦਾ। ਜਦੋਂ ਕਿ ਸਰਕਾਰਾਂ ਚਲਾਉਣ ਵਾਲੇ ਆਗੂ ਮੋਟੀਆਂ ਤਨਖਾਹਾਂ, ਪੈਨਸ਼ਨਾਂ, ਹਵਾਈ ਭੱਤੇ ਪ੍ਰਾਪਤ ਕਰਦੇ ਹਨ ਅਤੇ ਉਹ ਆਮਦਨ ਟੈਕਸ ਵੀ ਨਹੀ ਭਰਦੇ। ਜਦੋਂ ਕਿ ਅੰਗਹੀਣ ਮੁਲਾਜਮ ਪੈਨਸ਼ਨਰਾਂ ਅਤੇ ਸੀਨੀਅਰ ਸਿਟੀਜ਼ਨਾਂ ਨੂੰ ਜੋ ਕਿ ਉਹਨਾਂ ਦਾ ਗੁਜਾਰਾ ਭੱਤਾ ਹੈ। ਉਸਤੇ ਵੀ ਟੈਕਸ ਦੇਣਾ ਪੈਂਦਾ ਹੈ। ਹਕੀਕਤ ਇਹ ਹੈ ਕਿ ਅੰਗਹੀਣਾਂ ਦਾ ਖਰਚਾ ਸਧਾਰਨ ਆਦਮੀ ਨਾਲੋਂ ਦੁਗਣਾ ਹੈ ਬਨਾਵਟੀ ਅੰਗ, ਕੈਲੀਪਰਜ਼, ਟਰਾਈ ਸਾਇਕਲ ਅਤੇ ਬੀਮਾਰੀਆਂ ਦਾ ਖਰਚਾ ਇਸ ਬੇਬਸੀ ਦਾ ਸ਼ਿਦਤ ਨਾਲ ਅਹਿਸਾਸ ਕਰਵਾਉਂਦਾ ਹੈ। ਅੰਗਹੀਣਾਂ ਨਾਲੋਂ ਤਾਂ ਪਸ਼ੂ ਚੰਗੇ ਹਨ ਜਿਨ੍ਹਾਂ ਦਾ ਟੈਕਸ ਬਿਜਲੀ ਬਿੱਲ਼ਾਂ ਰਾਹੀਂ ਜਾਂ ਕੋਈ ਵਾਹਨ ਖਰੀਦਣ ਤੇ ਵਸੂਲਿਆ ਜਾਂਦਾ ਹੈ। ਵਿਕਾਸ ਟੈਕਸ ਅੰਗਹੀਣ ਮੁਲਾਜਮ ਵੀ ਦਿੰਦਾ ਹੈ। ਇਹ ਵੱਖਰੀ ਗੱਲ਼ ਹੈ ਕਿ ਸੜਕਾਂ ਤੇ ਡੰਗਰਾਂ ਦੇ ਝੁੰਡਾਂ ਨਾਲ ਟਕਰਾ ਕੇ ਹੋਣ ਵਾਲੇ ਹਾਦਸਿਆਂ ਕਾਰਨ ਅੰਗਹੀਣਾਂ ਦੀ ਗਿਣਤੀ ਦਿਨ ਬ ਦਿਨ ਵੱਧ ਰਹੀ ਹੈ। ਸਾਡੇ ਦੇਸ਼ ਵਿੱਚ ਪੰਦਰਾਂ ਕਰੋੜ ਅੰਗਹੀਣ ਹਨ ਅਤੇ ਪੰਜਾਬ ਕੁੱਲ਼ ਆਬਾਦੀ ਦਾ 5% ਹਨ। ਇੰਝ 25,00000 ਪਰਿਵਾਰ ਅੰਗਹੀਣ ਹਨ। ਅੱਜ ਦੇ ਮਹਿਗਾਈ ਦੇ ਦੌਰ ਵਿੱਚ ਇੱਕ ਵਿਅਕਤੀ ਦਾ ਖਰਚਾ 5000 ਹੈ ਅਤੇ ਪੈਨਸ਼ਨ 1500 ਰੁਪਏ ਹੈ। ਕੁਝ ਸੂਬਿਆਂ ਵਿੱਚ ਇਹ 2000, 3000 ਅਤੇ 4000 ਤੱਕ ਵੀ ਹੈ। ਅੰਗਹੀਣਾਂ ਦੀ ਮੰਗ ਹੈ ਕਿ ਇਹ ਪੈਨਸ਼ਨ ਸਮਾਨ ਕੀਤੀ ਜਾਵੇ। ਜਦੋਂ ਉਹ ਹਰ ਵਸਤੂ ਤੇ ਜੀ.ਐਸ.ਟੀ ਵਰਗੇ ਅਤੇ ਹੋਰ ਟੈਕਸ ਦਿੰਦੇ ਹਨ ਤਾਂ ਬੇਰਜ਼ੁਗਾਰ ਅੰਗਹੀਣਾਂ ਨੂੰ ਉਹਨਾਂ ਦੀ ਯੋਗਤਾ ਮੁਤਾਬਕ, ਅਨਪੜ੍ਹਾਂ ਅਤੇ ਬਿਰਧ ਅੰਗਹੀਣਾਂ ਨੂੰ ਘੱਟੋ ਘੱਟ ਉਜਰਤਾਂ ਦੇ ਬਰਾਬਰ ਪੈਨਸ਼ਨ ਦਿੱਤੀ ਜਾਵੇ। ਵਿਦੇਸ਼ਾਂ ਵਿੱਚ ਅੰਗਹੀਣਾਂ ਨੂੰ ਪੂਰੇ ਸਵੈਮਾਣ ਨਾਲ ਸਾਂਭਿਆ ਜਾਦਾ ਹੈ। ਇਸੇ ਕਰਕੇ ਤਾਂ ਸਟੀਫਿਨ ਹਾਕਿੰਗ, ਲੂਈਸ ਬਰੇਲ, ਹੈਲਿਨ ਕੀਲਰ ਬਿਨ੍ਹਾਂ ਬਾਹਾਂ ਤੋਂ ਪਾਇਲਟ ਜੈਕਸਾ ਕੋਕਸ ਅੰਗਹੀਣ ਹੋਣ ਕਰਕੇ ਵੀ ਅਮਿਟ ਛਾਪ ਛੱਡੀ ਹੈ। ਪਰ ਪੰਜਾਬ ਵਿੱਚ ਅੱਖਾਂ ਤੋਂ ਮਨਾਖੇ ਫਿਲਮ ਡਾਇਰੈਕਟਰ ਅਤੇ ਕਈ ਪੰਜਾਬੀ ਫਿਲਮਾਂ ਬਣਾਉਣ ਵਾਲੇ ਅਜੀਤ ਸੈਲਾਨੀ ਦਾ ਕੋਈ ਨਾਮ ਵੀ ਨਹੀ ਜਾਣਦਾ। ਸਾਡੇ ਸਮਾਜ ਵਿੱਚ ਸਰਕਾਰਾਂ ਅੰਗਹੀਣਾਂ ਪ੍ਰਤੀ ਯੂ.ਐਨ.ਓ ਚਾਰਟਰ ਨੂੰ ਵੀ ਨਜਰ ਅੰਦਾਜ ਹੀ ਨਹੀ ਕਰਦੀਆਂ ਸਗੋਂ ਅੰਗਹੀਣਾ ਲਈ ਬਣਿਆ ਐਕਟ 1995 ਅਤੇ ਬਾਅਦ ਵਿੱਚ ਬਣਿਆਂ ਐਕਟ ਵੀ ਪੂਰਨ ਰੂਪ ਵਿੱਚ ਲਾਗੂ ਨਹੀ ਹੋ ਸਕਿਆ। ਅੰਗਹੀਣਾਂ ਨੂੰ ਤਰਸ ਦੀ ਨਹੀ ਰੁਜ਼ਗਾਰ ਦੀ ਲੋੜ ਹੈ। ਅੰਗਹੀਣ ਸਧਾਰਨ ਮਨੁੱਖ ਨਾਲੋਂ ਵੱਧ ਤਨਦੇਹੀ ਨਾਲ ਕੰਮ ਕਰਦੇ ਹਨ। ਇਸ ਸਬੰਧ ਵਿੱਚ ਪਹਿਲਾਂ ਸਰਕਾਰ ਅੰਗਹੀਣਾਂ ਦੀ ਸਿੱਧੀ ਭਰਤੀ ਕਰਦੀ ਸੀ ਪਰ 1995 ਤੋਂ ਬਾਅਦ ਸਰਕਾਰੀ ਅਸਾਮੀਆਂ ਵਿੱਚ ਇਸਦਾ 4% ਰਾਖਵਾਕਰਨ ਕੀਤਾ ਹੈ। 10, 10 ਸਾਲ ਸਰਕਾਰੀ ਨੌਕਰੀਆਂ ਨਹੀ ਕੱਢੀਆਂ ਜਾਦੀਆਂ। ਇਸ ਦੌਰਾਨ ਅੰਗਹੀਣਾਂ ਦੀ ਯੋਗਤਾਂ ਮੁਤਾਬਕ ਕੰਮ ਕਰਨ ਦੀ ਉਮਰ ਲੰਘ ਜਾਂਦੀ ਹੈ ਅਤੇ ਉਹ ਐਕਟ ਲਾਗੂ ਹੋਣ ਦੀ ਉਡੀਕ ਵਿੱਚ ਜਹਾਨੋਂ ਕੂਚ ਕਰ ਰਹੇ ਹਨ। ਰੁਜਗਾਰ ਪ੍ਰਾਪਤੀ ਲਈ ਅਤੇ ਪੈਨਸ਼ਨ ਪ੍ਰਾਪਤੀ ਲਈ ਬੇਲੋੜੀਆਂ ਸ਼ਰਤਾਂ ਹਟਾਈਆਂ ਜਾਣ ਅੰਗਹੀਣ ਸਮਾਜ ਸਰਕਾਰ ਤੋਂ ਮੰਗ ਕਰਦਾ ਹੈ ਕਿ 40% ਤੋਂ ਉਪਰ ਸਰੀਰਿਕ ਪੱਖੋਂ ਅਪਾਹਜ ਵਿਅਕਤੀਆਂ ਦਾ 5 ਲੱਖ ਦਾ ਬੀਮਾ ਕੀਤਾ ਜਾਵੇ ਜਿਸ ਨਾਲ ਉਹ ਆਪਣੀ ਕਿਸੇ ਬੀਮਾਰੀ ਜਾਂ ਲੋੜੀਦੇ ਬਨਾਵਟੀ ਅੰਗ ਨੂੰ ਕੈਸ਼ਲੈਸ ਸਕੀਮ ਤਹਿਤ ਲੈ ਸਕਣ। ਸਰਕਾਰ ਵੱਲ਼ੋਂ ਅੰਗਹੀਣਾਂ ਲਈ ਪਲਾਟ ਜਾਂ ਬਣੇ ਬਣਾਏ ਮਕਾਨ ਰਾਖਵੇ ਤਾਂ ਕੀਤੇ ਗਏ ਹਨ ਪਰ ਇਹ ਸਹੂਲਤਾਂ ਅਮੀਰ ਲੋਕ ਅੰਗਹੀਣਾਂ ਦੇ ਨਾਮ ਤੇ ਲੈ ਜਾਂਦੇ ਹਨ ਅਤੇ ਕਈ ਪੈਟਰੋਲ ਪੰਪ ਵੀ ਇਸਦੀ ਉਦਾਹਰਨ ਹਨ। 1986 ਵਿੱਚ ਮਰੂਤੀ ਕਾਰਾਂ ਵੀ ਅੰਗਹੀਣਾਂ ਵਾਸਤੇ ਆਈਆਂ ਸਨ। ਜੋ ਕਿ ਦੂਸਰੇ ਲੋਕ ਲੈ ਗਏ ਸਨ। ਸਰਕਾਰ ਨੂੰ ਚਾਹੀਦਾ ਹੈ ਕਿ ਪਿੰਡ ਪੱਧਰ, ਬਲਾਕ ਪੱਧਰ ਅਤੇ ਜਿਲ੍ਹਾ ਪੱਧਰ ਤੇ ਸਭ ਕਮੇਟੀਆਂ ਵਿੱਚ ਅੰਗਹੀਣਾਂ ਦੀ 4% ਭਰਤੀ ਯਕੀਨੀ ਬਣਾਈ ਜਾਵੇ। ਇੱਕ ਕੌੜੀ ਹਕੀਕਤ ਇਹ ਵੀ ਹੈ ਕਿ ਬਹੁਤ ਸਾਰੇ ਸਰੀਰਿਕ ਪੱਖੋਂ ਸੰਪੂਰਨ ਲੋਕ ਆਪਣੀ ਤਾਕਤ ਨਾਲ ਜਾਅਲੀ ਅੰਗਹੀਣ ਸਰਟੀਫਿਕੇਟ ਬਣਾ ਕੇ ਸਰਕਾਰੀ ਨੌਕਰੀਆਂ ਕਰ ਰਹੇ ਅਤੇ ਕਰ ਵੀ ਰਹੇ ਹਨ। ਇਸ ਸਬੰਧੀ ਅੰਗਹੀਣਾਂ ਦੇ ਸਰਟੀਫਿਕੇਟਾਂ ਦੀ ਉੱਚ ਪੱਧਰੀ ਪੈਨਲ ਰਾਹੀਂ ਜਾਂਚ ਕਰਵਾ ਕੇ ਦੁਬਾਰਾ ਮੈਡੀਕਲ ਕਰਵਾਇਆ ਜਾਵੇ ਅਤਿ ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਬਹੁਤ ਸਾਰੇ ਅੰਗਹੀਣ ਸਰਟੀਫਿਕੇਟ ਜਾਅਲੀ ਪਾਏ ਗਏ ਹਨ। ਇਹ ਕਿਸੇ ਲੋੜਵੰਦ ਅੰਗਹੀਣ ਦਾ ਬਣਦਾ ਹੱਕ ਮਾਰਨ ਵਾਲਾ ਵਰਤਾਰਾ ਹੈ ਅਤੇ ਇਹਨਾਂ ਦੀ ਸ਼ਨਾਖਤ ਕਰਕੇ ਉਹਨਾਂ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇ ਅਤੇ ਸਰਕਾਰੀ ਪੈਸੇ ਦੀ ਲੁੱਟ ਦੀ ਭਰਪਾਈ ਕਰਵਾਈ ਜਾਵੇ। ਅੰਗਹੀਣ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਤੋਂ ਮੰਗ ਕਰਦੇ ਹਨ ਕਿ ਵਿਧਾਨ ਸਭਾ, ਲੋਕ ਸਭਾ, ਰਾਜ ਸਭਾ ਅਤੇ ਹੋਰ ਅਦਾਰਿਆਂ ਵਿੱਚ ਅੰਗਹੀਣਾਂ ਨੂੰ 4% ਕੋਟਾ ਦਿੱਤਾ ਜਾਵੇ ਤਾਂ ਜੋ ਅੰਗਹੀਣਾਂ ਦੇ ਨੁਮਾਇੰਦੇ ਅੰਗਹੀਣਾਂ ਦੀਆਂ ਮੁਸ਼ਕਲਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਅਮਲ ਵਿੱਚ ਲਿਆ ਸਕਣ।

ਅੰਗਹੀਣਾਂ ਦੀਆਂ ਮੁਸ਼ਕਲਾਂ ਸੁਣਨ ਲਈ ਹਰ ਪੱਧਰ ਤੇ ਸੁਵਿਧਾ ਕੇਂਦਰ ਵਿੱਚ ਇੱਕ ਕਾਉਂਟਰ ਬਣਵਾਇਆ ਜਾਵੇ ਜੋ ਕਿ ਸਿਰਫ ਅੰਗਹੀਣਾਂ ਦੀਆਂ ਮੁਸ਼ਕਲਾਂ ਨਾਲ ਵੀ ਸਬੰਧਿਤ ਹੋਵੇ। ਅੰਗਹੀਣਾਂ ਨੂੰ ਬੀ.ਪੀ.ਐਲ.ਓ ਵਾਲੀਆਂ ਸਹੂਲਤਾ ਦਿੱਤੀਆਂ ਜਾਣ, ਬਿਜਲੀ ਬਿੱਲ਼ ਮੁਆਫ ਕੀਤੇ ਜਾਣ ਬੇਘਰਿਆਂ ਨੂੰ ਘਰ ਬਣਾ ਕੇ ਦਿੱਤੇ ਜਾਣ। ਆਵਾਜਾਈ ਦੇ ਸਾਧਨ ਸਸਤੀਆਂ ਦਰਾਂ ਤੇ ਦਿੱਤੇ ਜਾਣ। ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਵੱਲ਼ੋਂ ਅੰਗਹੀਣਾਂ ਨੂੰ ਦਿੱਤੀਆਂ ਜਾਦੀਆਂ ਸਹੂਲਤਾਂ ਦੀ ਜਾਣਕਾਰੀ ਹਰ ਪਿੰਡ ਵਿੱਚ ਕੈਂਪ ਲਗਾ ਕੇ ਦਿੱਤੀ ਜਾਵੇ। ਵੱਖ-ਵੱਖ ਸਮੇਂ ਅੰਗਹੀਣਾਂ ਦੀ ਬੇਹਤਰੀ ਲਈ ਜਾਰੀ ਕੀਤੇ ਨੋਟੀਫਿਕੇਸ਼ਨ ਅਮਲ ਵਿੱਚ ਲਿਆਦੇ ਜਾਣ। ਮਨੁੱਖਤਾਂ ਦੇ ਆਧਾਰ ਤੇ ਜਿੰਨ੍ਹਾਂ ਸਮਾਜ ਸੇਵੀ ਸੰਸਥਾਵਾਂ ਨੇ,ਐਨ.ਆਰ.ਆਈ ਵੀਰਾਂ ਨੇ ਅੰਗਹੀਣਾਂ ਲਈ ਆਪਣੇ ਪੱਲਿਓ ਬਣਾਵਟੀ ਅੰਗ,ਟਰਾਈ ਸਾਇਕਲ ਜਾਂ ਹੋਰ ਸਹੂਲਤਾਂ ਦਿੱਤੀਆਂ ਹਨ ਉਹਨਾਂ ਦਾ ਰਾਜ ਪੱਧਰੀ ਸਨਮਾਨ ਕੀਤਾ ਜਾਵੇ ਸਰਕਾਰ ਨੂੰ ਚਾਹੀਦਾ ਹੈ ਕਿ ਅੰਗਹੀਣਾਂ ਪ੍ਰਤੀ ਦਿਲ ਵਿੰਨ੍ਹਵੇ ਸਬਦਾਂ ਨਾਲ ਠੇਸ ਪਹੁੰਚਾਉਣ ਵਾਲੇ ਵਿਅਕਤੀਆਂ ਖਿਲਾਫ ਜਾਤੀ ਸੂਚਕ ਸ਼ਬਦ ਵਰਤਣ ਵਾਲਿਆਂ ਵਾਂਗ ਹੀ ਇਸਨੂੰ ਸਜ਼ਾ ਯੋਗ ਬਣਾਇਆ ਜਾਵੇ। ਹਰ ਅੰਗਹੀਣ ਨੂੰ ਚਾਹੇ ਓਹ ਬੇਰਜ਼ੁਗਾਰ ਹੈ ਜਾਂ ਸੇਵਾ ਮੁਕਤ ਕਰਮਚਾਰੀ ਹੈ ਸਫਰੀ ਭੱਤਾ ਬੰਦ ਨਾ ਕੀਤਾ ਜਾਵੇ ਕਿਉਕਿ ਸੇਵਾ ਮੁਕਤ ਮੁਲਾਜਮ ਦੀ ਤਨਖਾਹ ਅੱਧੀ ਰਹਿ ਜਾਂਦੀ ਹੈ। ਪਰ ਸਫਰ ਅੱਧਾ ਨਹੀ ਰਹਿੰਦਾ। ਜਿੰਨਾਂ ਸਰਕਾਰੀ ਕਰਮਚਾਰੀਆਂ ਨੂੰ ਨੌਕਰੀ ਮਿਲ ਚੁੱਕੀ ਹੈ ਉਹਨਾਂ ਦੀ ਅੰਗਹੀਣਤਾਂ ਨੂੰ ਸੌਖਾ ਕਰਨ ਲਈ ਨਵੀਆਂ ਤਕਨੀਕਾਂ ਆ ਗਈਆਂ ਹਨ। ਫਰਜ ਕਰੋ ਜਦੋਂ ਕੋਈ 10% ਦ੍ਰਿਸ਼ਟੀ ਵਾਲਾ ਅੰਗਹੀਣ ਨੌਕਰੀ 'ਚ ਆਇਆ ਉਸਨੇ ਲੇਜਰ ਜਾਂ ਫੇਕੋ ਤਕਨੀਕ ਰਾਹੀਂ ਆਪਣੀ ਦ੍ਰਿਸ਼ਟੀ 30, 40% ਕਰ ਲਈ ਤਾਂ ਕੀ ਗੁਨਾਹ ਕੀਤਾ ? ਜੇ ਕਿਸੇ ਅੰਗਹੀਣ ਨੇ 5 ਕਿਲੋ ਦੀ ਬਾਹ ਤੇ 10 ਕਿਲੋ ਦੀ ਲੱਤ ਬੰਨ ਕੇ ਕਾਰਜ ਕਰਨ ਦੀ ਥਾਂ ਡੇਢ ਕਿੱਲੋਂ ਦੀ ਬਾਹ ਤੇ ਤਿੰਨ ਕਿਲੋਂ ਦੀ ਲੱਤ ਲਗਵਾ ਕੇ ਆਪਣੀ ਕਾਰਜ ਕੁਸ਼ਲਤਾਂ ਨੂੰ ਵਧਾ ਲਿਆ ਹੈ ਤਾਂ ਉਹਨਾਂ ਨੂੰ ਉਹਨਾਂ ਦੇ ਬਨਾਵਟੀ ਅੰਗਾਂ ਦੀ ਭਰਪਾਈ ਕੀਤੀ ਜਾਵੇ ਨਾ ਕਿ ਇਹ ਸ਼ਰਤਾਂ ਲਗਾਈਆਂ ਜਾਣ ਕਿ ਤੁਸੀ ਤਾਂ ਨੌਕਰੀ ਵਿੱਚ ਆਉਣ ਤੋਂ ਪਹਿਲਾ ਅੰਗਹੀਣ ਸੀ ਜੇ ਅੰਗਹੀਣ ਨੌਕਰੀ ਵਿੱਚ ਆ ਸਕਦਾ ਹੈ ਤਾਂ ਇਹ ਭਰਪੂਰਤੀ ਕਰਨ ਤੋਂ ਕਿਨਾਰਾਕੁਸੀ ਕਰਨੀ ਉਚਿੱਤ ਨਹੀ ਹੈ। ਸਰਕਾਰ ਇਸ ਬੇਇਨਸਾਫੀ ਨੂੰ ਦਰੁਸਤ ਕਰੇ। ਅੰਤ ਵਿੱਚ ਅਸੀ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਉਹ ਢੁੱਕਵੇ, ਯੋਗ ਤੇ ਨਿਆਪੂਰਨ ਸਰੋਤਾਂ ਰਾਹੀਂ ਅੰਗਹੀਣ ਦਿਵਸ ਤੇ ਕੋਈ ਠੋਸ ਮਿਤੀ ਪੇਸ਼ ਕਰੇ ਜੁਬਾਨੀ ਜਮ੍ਹਾ ਖਰਚੀ ਜਾਂ ਖਾਨਾ ਪੂਰਤੀ ਨਾ ਕਰੇ। ਅੰਗਹੀਣਾਂ ਨੂੰ ਸਮਾਜ ਵਿੱਚ ਸਵੈਮਾਨ ਚਾਹੀਦਾ ਹੈ ਜੋ ਕਿ ਬਰਾਬਰੀ ਦੇ ਕੇ ਮਿਲ ਸਕਦਾ ਹੈ ਤਾਂ ਜੋ ਸਰਕਾਰਾਂ ਅਤੇ ਲੋਕਾਂ ਦਾ ਨਜ਼ਰੀਆ ਅੰਗਹੀਣਾਂ ਪ੍ਰਤੀ ਵਿਦੇਸ਼ਾਂ ਦੀਆਂ ਸਰਕਾਰਾਂ ਅਤੇ ਲੋਕਾਂ ਵਰਗਾ ਹੋਵੇ। ਅੰਗਹੀਣਾਂ ਦੀਆਂ ਪੈਰਾ ਉਲ਼ੰਪਿਕ ਖੇਡ ਮੁਕਾਬਲੇ ਜੋ ਕਿ ਦੁਨੀਆਂ ਪੱਧਰ ਤੇ ਹੁੰਦੇ ਹਨ। ਉਨ੍ਹਾਂ ਖਿਡਾਰੀਆਂ ਨੂੰ ਵੀ ਦੂਸਰੇ ਖਿਡਾਰੀਆਂ ਦੇ ਬਰਾਬਰ ਸਹੂਲਤਾਂ ਪ੍ਰਦਾਨ ਕੀਤੀਆਂ ਜਾਣ। ਇਸ ਨਾਲ ਅੰਗਹੀਣਾਂ ਪ੍ਰਤੀ ਹਰ ਤਰ੍ਹਾਂ ਦੀ ਨਾ ਬਰਾਬਰੀ ਅਤੇ ਵਿਤਕਰੇ ਨੂੰ ਠੱਲ਼ ਪਵੇਗੀ ਅੰਗਹੀਣ ਸਮਾਜ ਅਜਿਹਾ ਹੋਣ ਤੇ ਆਪਣੀਆਂ ਸਰਕਾਰਾਂ ਦਾ ਹਮੇਸ਼ਾ ਰਿਣੀ ਰਹੇਗਾ ਅਤੇ ਸਦੀਵੀ ਮਾਣ ਮਹਿਸੂਸ ਕਰੇਗਾ।

– ਗੁਰਮੇਲ ਸਿੰਘ 'ਬੌਡੇ'
ਸਾਹਿਤਕ ਸਲਾਹਕਾਰ: "ਮਹਿਕ ਵਤਨ ਦੀ"
ਆਨਰੇਰੀ ਸੰਪਾਦਕ: "ਦਸਤਕ" ਕੈਨੇਡਾ
Ph.98143-04213
E-Mail: dhaliwal.gurmelbaude@gmail.com



Scanned with CamScanner

# ਮਿੰਨੀ ਕਹਾਣੀਆਂ

## ਰੋਟੀ ਦੇ ਰੂਪ



"ਬੀਬੀ ਇੱਕ ਰੋਟੀ ਦੇ ਦੇ", "ਇੱਕ ਰੋਟੀ ਦੇ ਦੇ ਬੀਬੀ।"

ਘਰ ਦੇ ਮੇਨ ਗੇਟ ਤੇ ਇਕ ਬੱਚਾ ਬਾਰ-ਬਾਰ ਇਹੀ ਰੱਟ ਲਗਾਈ ਜਾ ਰਿਹਾ ਸੀ, ਜਿਸ ਦੀ ਅਵਾਜ਼ ਵਿਚ ਇੱਕ ਤਰਲਾ ਜਿਹਾ ਸੀ, ਪਰ ਘਰ ਦੇ ਅੰਦਰ ਇਸ ਦੇ ਤਰਲੇ ਦਾ ਕਿਸੇ ਤੇ ਕੋਈ ਅਸਰ ਨਹੀਂ ਹੋ ਰਿਹਾ ਸੀ।

"ਨੀ ਰਾਣੀ ਕਿੰਨਾ ਕੁ ਟੈਮ ਲੱਗੂ ਤੈਨੂੰ?

ਆਪਾਂ ਬਾਬੇ ਦੀ ਰੋਟੀ ਬਾਰਾਂ ਵਜੇ ਤੋਂ ਪਹਿਲਾ ਖਵਾਉਣੀ ਐ, ਮਗਰੋਂ ਨੀ ਲੱਗਦੀ ਹੁੰਦੀ।" ਅਚਾਨਕ ਮੇਰੀ ਨਾਨੀ ਨੇ ਚੁੱਲੇ ਚੌਂਕੇ ਵਿਚ ਕੰਮ ਕਰਦੀ ਆਪਣੀ ਨੂੰਹ ਮੇਰੀ ਮਾਸੀ ਨੂੰ ਤਾੜਨਾ ਜਹੀ ਕੀਤੀ।

"ਬੱਸ, ਬੀਜੀ ਖੀਰ ਬਣ ਗਈ ਐ, ਤੁਸੀਂ ਬਾਬਾ ਜੀ ਨੂੰ ਸੱਦ ਲਿਆਓ।"

ਮੇਰੀ ਮਾਸੀ ਨੇ ਵੀ ਖੀਰ ਵਾਲੇ ਪਤੀਲੇ ਵਿਚ ਕੜਛੀ ਮਾਰਦਿਆਂ ਜਵਾਬ ਦਿੱਤਾ।

"ਸੋ ਫੇਰ ਮੈਂ ਬਾਬੇ ਨੂੰ ਸੱਦ ਈ ਲਿਆਵਾਂ।" ਮੇਰੀ ਨਾਨੀ ਨੇ ਮੰਜੇ ਤੋਂ ਉੱਠਦੀ ਹੋਈ ਨੇ ਕਿਹਾ।

"ਬੀਬੀ ਇੱਕ ਰੋਟੀ ਦੇ ਦੇ।"

ਬਾਹਰੋਂ ਫਿਰ ਉਸੇ ਬੱਚੇ ਦੀ ਅਵਾਜ਼ ਆਈ।

"ਲਿਆ ਨੀ ਜੇ ਕੋਈ ਰਾਤ ਦੀ ਰੋਟੀ ਪਈ ਐ ਤਾਂ ਪਹਿਲਾਂ ਇਹਦਾ ਮੱਥਾ ਡੰਮਾ, ਕਦੋਂ ਦਾ ਕਾਵਾਂ ਰੌਲੀ ਪਾਈ ਜਾਂਦੈ।"

ਨਾਨੀ ਨੇ ਗੇਟ ਵੱਲ ਵੇਖਦੀ ਨੇ ਕਿਹਾ ਤੇ ਕੰਧੋਲੀ ਤੇ ਪਈਆਂ ਦੋ ਸੁੱਕੀਆਂ ਜਹੀਆਂ ਰੋਟੀਆਂ ਚੱਕ ਕੇ ਬਾਹਰ ਜਾਂਦੀ ਨੇ ਬੱਚੇ ਦੇ ਹੱਥ ਤੇ ਰੱਖ ਦਿੱਤੀਆਂ, ਤੇ ਆਪ ਬਾਬੇ ਨੂੰ ਸੱਦਣ ਚਲੀ ਗਈ।

-ਜਗਦੀਸ਼ ਪ੍ਰੀਤਮ, ਠੱਠੀ ਭਾਈ

## ਬੂਟ

"ਖੜੇ ਹੋ ਜਾਓ ਜਿੰਨਾਂ ਨੇ ਅੱਜ ਵੀ ਬੂਟ ਨਹੀਂ ਪਾਏ।" ਮਾਸਟਰ ਜੀ ਨੇ ਸਵੇਰ ਦੀ ਸਭਾ ਤੋਂ ਬਾਅਦ ਬੱਚਿਆਂ ਨੂੰ ਆਖਿਆ (ਮਾਸਟਰ ਜੀ ਰੋਜ਼ਾਨਾ ਹੀ ਬੱਚਿਆਂ ਨੂੰ ਸਰਦੀ ਜ਼ਿਆਦਾ ਹੋਣ ਕਰਕੇ ਬੂਟ ਪਾ ਕੇ ਆਉਣ ਵਾਸਤੇ ਕਹਿੰਦੇ ਰਹਿੰਦੇ ਸਨ) ਜਿੰਨਾਂ ਬੱਚਿਆਂ ਦੇ ਬੂਟ ਨਹੀਂ ਪਾਏ ਸਨ ਖੜੇ ਹੋ ਜਾਓ, ਮਾਸਟਰ ਜੀ ਨੇ ਸਾਰਿਆਂ ਤੋਂ ਵਾਰੀ-ਵਾਰੀ ਬੂਟ ਨਾ ਪਾ ਆਉਣ ਦਾ ਕਾਰਣ ਪੁੱਛਿਆ ਅਤੇ ਨਾਲ ਹੀ ਦੋ-ਦੋ ਚਪੇੜਾਂ ਦਾ ਪ੍ਰਸਾਦ ਵੀ ਦੇ ਦਿੱਤਾ। ਅਖੀਰ ਵਿਚ ਸੋਨੂੰ ਦੀ ਵਾਰੀ ਆਈ ਤਾਂ ਸੋਨੂੰ ਨੇ ਆਖਿਆ—



"ਮਾਸਟਰ ਜੀ ਮੈਂ ਬੂਟ ਮਾਘੀ ਤੋਂ ਮਗਰੋਂ ਪਾ ਕੇ ਆਉਂਗਾ।"

ਮਾਸਟਰ ਜੀ ਨੇ ਦੋ-ਤਿੰਨ ਚਪੇੜਾਂ ਸੋਨੂੰ ਦੇ ਹੋਰ ਜੜ ਦਿੱਤੀਆਂ ਅਤੇ ਕਿਹਾ, "ਬੂਟ ਨਾ ਪਾ ਕੇ ਆਉਣ ਦਾ ਮਾਘੀ ਨਾਲ ਕੀ ਸਬੰਧ ਹੋਇਆ, ਬਹਾਨਾ ਵੀ ਨਹੀਂ ਬਣਾਉਣਾ ਆਉਂਦਾ।"

"ਮੇਰੀ ਮੰਮੀ ਕਹਿੰਦੀ ਸੀ, ਮਾਘੀ ਵਾਲੇ ਦਿਨ ਤੂੰ ਸਰਦਾਰਾਂ ਦੇ ਘਰਾਂ ਵਿਚੋਂ ਮਾਘੀ ਮੰਗ ਕੇ ਲੈ ਆਈਂ, ਜਿਹੜੇ ਦਾਣੇ ਇਕੱਠੇ ਹੋਣਗੇ, ਵੇਚ ਕੇ ਤੈਨੂੰ ਬੂਟ ਲੈ ਦੇਵਾਂਗੀ।" ਸੋਨੂੰ ਨੇ ਰੋਂਦੇ ਹੋਏ ਕੰਬਦੀ ਹੋਈ ਅਵਾਜ਼ ਵਿਚ ਆਖਿਆ।

ਸੋਨੂੰ ਦੀ ਗੱਲ ਸੁਣ ਕੇ ਮਾਸਟਰ ਜੀ ਨੂੰ ਆਪਣੇ ਆਪ ਤੇ ਬਹੁਤ ਪਛਤਾਵਾ ਹੋ ਰਿਹਾ ਸੀ।

-ਡਾ. ਰਾਜਵੀਰ ਸਿੰਘ ਸੰਧ

## ਖੰਭਾਂ ਦੀਆਂ ਉਡਾਰਾਂ

ਭਵਨਦੀਪ ਸਿੰਘ ਪੁਰਬਾ

ਬੀਤੇ ਦਿਨਾਂ ਦੀ ਗੱਲ ਹੈ ਕਿ ਸਾਡੇ ਪਿੰਡ 'ਪਾਗਲਪੁਰ' ਇਕ



ਹਕੀਮ ਜੀ ਆਏ। ਹਕੀਮ ਜੀ ਬਜ਼ੁਰਗ ਸਿਆਣੇ, ਸਹਿਜ ਸੁਭਾਅ ਅਤੇ ਮਿੱਠ-ਬੋਲੜੇ ਇਨਸਾਨ ਸਨ। ਸ਼ਾਮ ਵੇਲੇ ਇਕ ਔਰਤ ਆਪਣੇ ਬੱਚੇ ਨੂੰ ਹਕੀਮ ਜੀ ਦੇ ਕੋਲ ਲੈ ਕੇ ਆਈ ਤੇ ਕਹਿਣ ਲੱਗੀ, "ਬਾਬਾ ਜੀ ਮੁੰਡੇ ਦਾ ਪੈਰ ਦੇਖਿਓ, ਕੱਲ੍ਹ ਦਾ ਨਿਆਣਾ ਭੁੰਜੇ ਹੀ ਨਹੀਂ ਲਾਉਂਦਾ।" ਹਕੀਮ ਜੀ ਨੇ ਪੈਰ ਨੱਪ-ਘੁੱਟ ਕੇ ਦੇਖਿਆ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਗਿੱਟੇ ਵਿਚ ਮੋਚ ਆਈ ਹੋਈ ਹੈ। ਹਕੀਮ ਜੀ ਨੇ ਮੋਚ ਕੱਢ ਦਿੱਤੀ, ਜਿਸ ਕਾਰਨ ਬੱਚਾ ਠੀਕ ਹੋ ਗਿਆ। ਔਰਤ ਗਰੀਬ ਹੋਣ ਕਾਰਨ ਹਕੀਮ ਜੀ ਨੇ ਉਸ ਕੋਲੋਂ ਕੋਈ ਦਕਸ਼ਨਾਂ ਵੀ ਨਹੀਂ ਲਈ। ਹਕੀਮ ਜੀ ਰਾਤ ਨੂੰ ਚੈਨ ਅਤੇ ਆਨੰਦ ਨਾਲ ਸੁੱਤੇ ਕਿਉਂਕਿ ਉਨ੍ਹਾਂ ਨੇ ਨੇਕੀ ਦਾ ਕੰਮ ਕੀਤਾ ਸੀ।

ਸਵੇਰ ਹੋਈ ਹੀ ਕਿ ਸਾਰਾ ਪਿੰਡ ਮਹਾਰਾਜ ਦੀ ਜੈ, ਮਹਾਰਾਜ ਦੀ ਜੈ, ਕਰਦਾ ਹੋਇਆ ਹਕੀਮ ਜੀ ਦੀ ਝੌਂਪੜੀ ਵੱਲ ਆ ਰਿਹਾ ਸੀ। ਹਕੀਮ ਜੀ ਦੀ ਝੌਂਪੜੀ ਵਿਚ ਪਹੁੰਚ ਲੋਕਾਂ ਨੇ ਹਕੀਮ ਜੀ ਨੂੰ ਮੋਢਿਆਂ 'ਤੇ ਚੁੱਕ ਲਿਆ। ਹਕੀਮ ਜੀ ਨੇ ਉਨ੍ਹਾਂ ਨੂੰ ਸ਼ਾਂਤ ਹੋਣ ਦਾ ਇਸ਼ਾਰਾ ਕੀਤਾ। ਪਰ ਕਿਸੇ ਨੇ ਉਨ੍ਹਾਂ ਦੀ ਗੱਲ ਵੱਲ ਧਿਆਨ ਹੀ ਨਾ ਦਿੱਤਾ। ਕੋਈ ਹਕੀਮ ਜੀ ਦੀਆਂ ਲੱਤਾਂ ਘੁੱਟੇ, ਕੋਈ ਬਾਹਾਂ। ਹਕੀਮ ਜੀ ਪ੍ਰੇਸ਼ਾਨ ਸਨ ਕਿ ਇਹ ਕੀ ਹੋ ਰਿਹਾ ਹੈ। ਕੋਈ ਕਹਿ ਰਿਹਾ ਸੀ, "ਬਾਬਾ ਜੀ ਨੇ ਕਈ ਸਾਲਾਂ ਤੋਂ ਬਿਮਾਰ ਪਏ ਲੋਕ ਠੀਕ ਕਰਤੇ, ਕੋਈ ਕਹੇ ਬਾਬਾ ਜੀ ਨੇ ਹੱਥ ਲਾ ਕੇ ਟੁੱਟੀ ਲੱਤ ਜੋੜ ਦਿੱਤੀ।" ਕੋਈ ਕੁਛ ਕਹੇ, ਕੋਈ ਕੁਛ।

ਲੋਕ ਬਾਬਾ ਜੀ ਦੀ ਜੈ-ਜੈ ਕਾਰ ਕਰਨ ਵਿਚ ਮਸਤ ਹੋਏ ਸਨ। ਹਕੀਮ ਜੀ ਅੱਖ ਬਚਾ ਕੇ ਉਥੋਂ ਨਿਕਲ ਆਏ। ਆਪਣੇ ਪਿੰਡ ਜਾ ਕੇ ਹਕੀਮ ਜੀ ਨੇ ਸੁੱਖ ਦਾ ਸਾਹ ਲਿਆ। ਹਕੀਮ ਜੀ ਪ੍ਰੇਸ਼ਾਨ ਸਨ ਕਿ ਪਿੰਡ ਵਿਚ ਹੋ ਕੀ ਗਿਆ, ਜੋ ਲੋਕ ਮੈਨੂੰ ਕਰਨੀ ਵਾਲਾ ਸਮਝਣ ਲੱਗ ਪਏ। ਦੋ-ਤਿੰਨ ਦਿਨਾਂ ਬਾਅਦ ਪਾਗਲਪੁਰ ਪਿੰਡ ਦਾ ਇਕ ਆਦਮੀ ਹਕੀਮ ਜੀ ਦੇ ਕੋਲ ਆਇਆ। ਉਸਨੇ ਸਾਰੀ ਘਟਨਾ ਹਕੀਮ ਜੀ ਨੂੰ ਸੁਣਾਈ ਕਿ ਤੁਸੀਂ ਜਿਸ ਬੱਚੇ ਦੇ ਗਿੱਟੇ ਦੀ ਮੋਚ ਕੱਢੀ ਸੀ ਉਸ ਦੀ ਮਾਂ ਨੇ ਜਾ ਕੇ ਆਪਣੀ ਗੁਆਂਢਣ ਨੂੰ ਆਖ ਦਿੱਤਾ, "ਬਾਬਾ ਜੀ ਆਏ ਹਨ। ਉਹ ਲੈਂਦੇ ਵੀ ਕੁਝ ਨਹੀਂ ਤੇ ਇਕ ਮਿੰਟ ਵਿਚ ਠੀਕ ਕਰ ਦਿੰਦੇ ਹਨ।" ਗੁਆਂਢਣ ਨੇ ਦੋ ਹੋਰ ਜਨਾਨੀਆਂ ਨੂੰ ਕਹਿ ਦਿੱਤਾ, "ਮਹਾਰਾਜ ਆਏ ਹਨ, ਜੋ ਜਾਣੀਜਾਣ ਹਨ, ਉਨ੍ਹਾਂ ਨੇ ਹੱਥ ਲਾ ਕੇ ਹੀ ਟੀਟੂ ਦਾ ਪੈਰ ਠੀਕ ਕਰ ਦਿੱਤਾ।"

ਉਨ੍ਹਾਂ ਜਨਾਨੀਆਂ ਨੇ ਅੱਗੇ ਦੋ ਚਾਰ ਹੋਰ ਜਨਾਨੀਆਂ ਨੂੰ ਕਹਿ ਦਿੱਤਾ, "ਕਰਨੀ ਵਾਲੇ ਸੰਤ ਆਏ ਹਨ ਜਿਹੜੇ ਆਪਣੀ ਦ੍ਰਿਸ਼ਟੀ ਨਾਲ ਹੀ ਹਰ ਰੋਗ ਦਾ ਇਲਾਜ ਕਰ ਦਿੰਦੇ ਹਨ।" ਇਸ ਤਰ੍ਹਾਂ ਗੱਲ ਸਾਰੇ ਪਿੰਡ ਵਿਚ ਫੈਲ ਗਈ ਤੇ ਲੋਕ ਤੁਹਾਡੇ ਦਰਸ਼ਨਾਂ ਲਈ ਤਰਸਣ ਲੱਗੇ।"

ਉਸ ਰਾਤ ਹਕੀਮ ਜੀ ਸਾਰੀ ਰਾਤ ਸੌਂ ਨਾ ਸਕੇ। ਸਾਰੀ ਰਾਤ ਇਹੀ ਸੋਚਦੇ ਰਹੇ ਕਿ ਕਿਸ ਤਰ੍ਹਾਂ ਖੰਭਾਂ ਦੀ ਉਡਾਰਾਂ ਬਣ ਜਾਂਦੀਆਂ ਹਨ।

## ਵੱਡੀਆਂ ਗੱਡੀਆਂ ਵਾਲੇ

ਭਵਨਦੀਪ ਸਿੰਘ ਪੁਰਬਾ

ਮੈਂ ਅਤੇ ਮੇਰੇ ਦਾਦਾ ਜੀ ਆਪਣੇ ਮਕਾਨ ਦੇ ਦਰਵਾਜ਼ੇ ਵਿਚ ਮੰਜਾ ਡਾਹੀ ਬੈਠੇ ਸੀ। ਇਕ ਬਹੁਤ ਤੇਜ਼ ਰਫਤਾਰ ਨਾਲ ਗੱਡੀ ਸਾਡੇ ਦਰਵਾਜ਼ੇ ਦੇ ਮੂਹਰੇ ਦੀ ਲੰਘੀ। ਰਾਤੀਂ ਮੀਂਹ ਪੈਣ ਕਾਰਨ ਮੀਂਹ ਦਾ ਪਾਣੀ ਅਜੇ ਕੁਝ-ਕੁਝ ਖੜ੍ਹਾ ਸੀ। ਜਿਸ ਕਾਰਨ ਗੱਡੀ ਲੰਘਣ ਨਾਲ, ਗਲੀ ਵਿਚ ਖੜ੍ਹੇ ਪਾਣੀ ਦੇ ਛਿੱਟੇ ਸਾਡੇ ਉੱਪਰ ਪੈ ਗਏ। ਬਾਪੂ ਜੀ ਕੁਝ ਨਾ ਬੋਲੇ, ਚੁੱਪ ਕਰਕੇ ਸਾਫੇ ਨਾਲ ਆਪਣੇ 'ਤੇ ਪਏ ਛਿੱਟੇ ਸਾਫ ਕਰਨ ਲੱਗ ਪਏ। ਮੇਰੇ ਮੂੰਹੋਂ ਨਿਕਲ ਗਿਆ, "ਸਾਲੇ ਵੱਡੀਆਂ ਗੱਡੀਆਂ ਵਾਲੇ।" ਬਾਪੂ ਜੀ ਹੱਸ ਪਏ ਤੇ ਕਹਿਣ ਲੱਗੇ, "ਤੈਨੂੰ ਵੱਡੀਆਂ ਗੱਡੀਆਂ ਵਾਲਿਆਂ ਦੀ ਗੱਲ ਸੁਣਾਵਾਂ।" ਬਾਪੂ ਜੀ ਨੇ ਗੱਲ ਸੁਣਾਉਣੀ ਸ਼ੁਰੂ ਕੀਤੀ।

"ਜਦੋਂ ਮੈਂ ਤੇਰੀ ਉਮਰ ਦਾ ਹੁੰਦਾ ਸੀ ਤਾਂ ਇਨ੍ਹਾਂ ਦੇ ਪਿਤਾ ਕੋਲ ਇਕ ਗੱਡੀ ਹੁੰਦੀ ਸੀ, ਜਿਸ ਨੂੰ ਇਹ ਵੱਡੀ ਗੱਡੀ ਆਖਦੇ ਸਨ। ਇਨ੍ਹਾਂ ਦੀ ਉਹ ਵੱਡੀ ਗੱਡੀ ਸਾਰੇ ਪਿੰਡ ਦਾ ਮਜ਼ਾਕ ਸੀ। ਜਦੋਂ ਇਹ ਉਸ ਗੱਡੀ ਨੂੰ ਸਟਾਰਟ ਕਰਦੇ ਸਨ ਤਾਂ ਅੱਧੇ ਪਿੰਡ ਦੇ ਪਸ਼ੂ ਡਰ ਜਾਂਦੇ ਸਨ। ਗੱਡੀ ਨੂੰ ਟਰੈਕਟਰ ਵਾਲੀ ਪੁਲੀ ਨਾਲ ਸਟਾਰਟ ਕੀਤਾ ਜਾਂਦਾ ਸੀ। ਦਸਾਂ-ਬਾਰ੍ਹਾਂ ਬੰਦਿਆਂ ਤੋਂ ਬਗੈਰ ਪੁਲੀ ਖਿੱਚੀ ਨਹੀਂ ਸੀ ਜਾਂਦੀ। ਗੱਡੀ ਦਾ ਹਾਰਨ ਇਸ ਤਰ੍ਹਾਂ ਦਾ ਸੀ ਜਿਵੇਂ ਨਹਿਰ ਦੇ ਕੰਢੇ ਡੱਡੂ ਬੋਲਦੇ ਹੋਣ। ਉਸ ਹਾਰਨ ਨਾਲੋਂ ਜ਼ਿਆਦਾ ਆਵਾਜ਼ ਤਾਂ ਗੱਡੀ ਦੀ ਆਪਣੀ ਹੀ ਸੀ। ਗੱਡੀ ਦੀਆਂ ਲਾਈਟਾਂ ਦੀਵੇ ਨਾਲੋਂ ਵੀ ਘੱਟ ਚਾਨਣ ਦਿੰਦੀਆਂ ਸਨ। ਲਾਈਟਾਂ 'ਤੇ ਹੱਥ ਮਾਰਨ ਨਾਲ ਬੁਝ ਜਾਂਦੀਆਂ ਸਨ। ਮੋੜ ਕੱਟਣ ਲੱਗੇ ਪੂਰਾ ਜ਼ੋਰ ਲਗਾ ਕੇ ਸਟੇਰਿੰਗ ਘੁੰਮਾਉਣਾ ਪੈਂਦਾ ਸੀ। ਕਦੇ-ਕਦੇ ਨਾਲ ਬੈਠੇ ਬੰਦੇ ਨੂੰ ਵੀ ਸਹਾਇਤਾ ਨਾਲ ਸਟੇਰਿੰਗ ਨੂੰ ਹੱਥ ਪਾਉਣਾ ਪੈਂਦਾ ਸੀ। ਗੱਡੀ ਦੇ ਬੰਪਰ ਰੱਸੀਆਂ ਨਾਲ ਬੰਨ੍ਹੇ ਹੋਏ ਸਨ। ਇਕ ਦਿਨ ਇਨ੍ਹਾਂ ਦਾ ਪਿਓ ਕਿਸੇ ਮਕੈਨਿਕ ਕੋਲ ਗੱਡੀ ਦੀਆਂ ਬਰੇਕਾਂ ਠੀਕ ਕਰਵਾਉਣ ਗਿਆ। ਵਾਪਸ ਆਉਂਦੇ ਸਮੇਂ ਡੈਨਮੋ ਰਸਤੇ ਵਿਚ ਡਿੱਗ ਪਿਆ। ਦੂਸਰੇ ਦਿਨ ਗੱਡੀ ਵਿਚ ਡੈਨਮੋ ਨਾ ਦੇਖ ਕੇ ਰੌਲਾ ਪਾਉਣ ਲੱਗ ਪਿਆ। ਇਸ ਨੇ ਰੌਲਾ ਪਾਉਂਦੇ ਨੇ ਸਾਰਾ ਪਿੰਡ ਇਕੱਠਾ ਕਰ ਲਿਆ, ਕਹਿੰਦਾ, "ਮਕੈਨਿਕ ਨੇ ਮੇਰੀ ਗੱਡੀ ਦਾ ਡੈਨਮੋ ਕੱਢ ਲਿਆ।" ਪਿੰਡ ਦੇ ਲੋਕਾਂ ਨੂੰ ਨਾਲ ਲੈ ਕੇ ਜਦੋਂ ਮਕੈਨਿਕ ਕੋਲ ਜਾ ਰਹੇ ਸਨ ਤਾਂ ਰਸਤੇ ਵਿਚ ਡੈਨਮੋ ਪਿਆ ਸੀ, ਡੈਨਮੋ ਨੂੰ ਚੁੱਕ ਕੇ ਘਰ ਮੁੜ ਾਏ। ਡੈਨਮੋ ਕਿਸੇ ਦੇ ਕੰਮ ਦਾ ਨਾ ਹੋਣ ਕਰਕੇ ਉਸ ਨੂੰ ਕਿਸੇ ਨੇ ਹੱਥ ਵੀ ਨਹੀਂ ਸੀ ਲਾਇਆ।"

ਬਾਪੂ ਜੀ ਏਨਾ ਕੁਝ ਦੱਸ ਕੇ ਚੁੱਪ ਕਰ ਗਏ। ਕੁਝ ਚਿਰ ਬਾਅਦ ਬਾਪੂ ਜੀ ਕਹਿਣ ਲੱਗੇ, "ਇਹ ਤਾਂ ਇਨ੍ਹਾਂ ਦਾ ਵੱਡਾ ਮੁੰਡਾ ਧਾਗੇ ਤਵੀਤ ਬਣਾ ਕੇ ਦੇਣ ਲੱਗ ਪਿਆ ਤੇ ਸਾਡੇ ਅਨਪੜ੍ਹ, ਰੂੜੀਵਾਦੀ ਤੇ ਅੰਧ-ਵਿਸ਼ਵਾਸੀ ਲੋਕਾਂ ਨੇ ਇਨ੍ਹਾਂ ਨੂੰ ਵੱਡੀਆਂ ਗੱਡੀਆਂ ਵਾਲੇ ਬਣਾ ਦਿੱਤਾ।"

ਬਾਪੂ ਜੀ ਦੀ ਇਹ ਗੱਲ ਸੁਣ ਕੇ ਮੇਰਾ ਦਿਲ ਕਰਦਾ ਸੀ ਕਿ ਮੈਂ ਵੀ ਕੋਈ ਬਾਬਾ ਬਣ ਹੀ ਜਾਵਾਂ, ਚਿੱਟੇ ਲੀੜੇ ਪਾ ਕੇ, ਮੱਥੇ 'ਤੇ ਸਵਾਹ ਲਾ ਕੇ, ਲੋਕਾਂ ਨੂੰ ਉੱਲੂ ਬਣਾ ਕੇ ਮੌਜਾਂ ਉਡਾਵਾਂ।




ਗੁੜ ਦੀ ਚਾਹੇ ਰੋੜੀ ਹੋਵੇ
ਚਾਹੇ ਥੋੜੀ-ਥੋੜੀ ਹੋਵੇ
ਜੰਮੇ ਧੀ ਮੁਸਕਾਨ ਚੇਹਰੇ ਤੇ
ਭਾਂਵੇ ਭੋਰੀ -ਭੋਰੀ ਹੋਵੇ
ਧੀ ਹਮੇਸ਼ਾ ਦੁੱਖ ਵੰਡਾਵੇ
ਮਾਪਿਆ ਨੂੰ ਨਾ ਕਦੇ ਪਿੱਠ ਦਿਖਾਵੇ
'ਸਰਬ' ਚਾਹੇ ਕਿੰਨੀ..!
ਦੁੱਖਾਂ ਦੀ ਨਿਚੋੜੀ ਹੋਵੇ
ਮੰਗਦੀ ਹੈ ਓ ਸੁੱਖ ਦੋ ਵੇਲੇ
...ਕੇ..
ਸੁਖੀ ਭਰਵਾਂ ਜੋੜੀ ਹੋਵੇ




– ਸਰਬਜੀਤ ਕੌਰ ਬਰਾੜ ਮੋਗਾ

Scanned with CamScanner




# ਸਾਈਕਲ ਦੀ ਕਹਾਣੀ



ਮੇਰਾ ਨਾਂ ਸਾਈਕਲ ਹੈ, ਮੇਰੇ ਕਈ ਭਾਗ ਹਨ, ਹਰ ਭਾਗ ਦਾ ਆਪਣਾ ਕੰਮ ਹੈ। ਕਿਸੇ ਵੀ ਅੰਗ ਦੀ ਘਾਟ ਤੋਂ ਬਿਨਾਂ ਮੇਰਾ ਜੀਵਨ ਅਧੂਰਾ ਅਤੇ ਨੀਰਸ ਹੋ ਜਾਂਦਾ ਹੈ। ਹਰ ਭਾਗ ਆਪਣਆ-ਆਪਣਾ ਕੰਮ ਕਰਦਾ ਹੈ ਕਿਉਂਕਿ ਉਸਨੂੰ ਜੋ ਵੀ ਕੰਮ ਸੌਂਪਿਆ ਗਿਆ ਹੈ, ਉਸ ਨੇ ਉਸਨੂੰ ਹੁਕਮ ਅਨੁਸਾਰ ਕਰਨਾ ਹੀ ਹੈ। ਬਰੇਕ ਲਗਾਓ ਮੈਂ ਝੱਟ ਰੁਕ ਜਾਂਦਾ ਹਾਂ, ਪੈਡਲ ਚਲਾਓ ਸਾਈਕਲ (ਮੈਂ) ਹੋਰ ਅੱਗੇ ਵਧਦਾ ਹਾਂ, ਹੋਰ ਤੇਜ਼ ਚਲਾਓ ਹੋਰ ਤੇਜ਼ ਹੋ ਜਾਂਦਾ ਹਾਂ, ਕੋਈ ਖਤਰਾ ਹੈ, ਕੋਈ ਮੂਹਰੋਂ ਆ ਰਿਹਾ ਹੈ, ਘੰਟੀ ਵਜਾਓ ਰਸਤਾ ਸਾਫ਼ ਹੋ ਜਾਂਦਾ ਹੈ, ਆਪਣੀ ਮੰਜ਼ਿਲ ਹੋਰ ਨੇੜੇ ਹੁੰਦੀ ਜਾਵੇਗੀ। ਜੇਕਰ ਮੇਰੇ ਟਾਇਰਾਂ ਵਿਚ ਹਵਾ ਘੱਟ ਜਾਵੇ, ਤੁਰੰਤ ਭਰ ਲਵੋ ਕਿਉਂਕਿ ਘੱਟ ਹਵਾ ਨਾਲ ਚੱਲਣ ਵਿਚ ਮੁਸ਼ਕਿਲ ਪੈਦਾ ਹੋਵੇਗੀ। ਮੇਰਾ ਗਜ਼ (ਤਾਰ) ਟੁੱਟ ਗਈ, ਤੁਰੰਤ ਨਵੀਂ ਪਵਾਓ ਕਿਉਂਕਿ ਇਸਦੀ ਘਾਟ ਕਾਰਨ ਮੇਰੇ ਚੱਕੇ ਵਿਚ ਨੁਕਸ ਪੈ ਸਕਦਾ ਹੈ ਮਿੱਟੀ ਘੱਟ ਤੋਂ ਬਚਾਉਣ ਲਈ ਮੇਰੀ ਸਫ਼ਾਈ ਜ਼ਰੂਰੀ ਹੈ।



ਅਸੀਂ ਹਰ ਰੋਜ਼ ਆਪਣੇ ਸਰੀਰ ਦੀ ਸਫ਼ਾਈ ਕਰਦੇ ਹਾਂ, ਸੋ ਹਫ਼ਤੇ ਵਿਚ ਦੋ ਦਿਨ ਮੇਰੀ ਸਫ਼ਾਈ ਕਰਦੇ ਜਾਓ, ਫਿਰ ਵੇਖੋ ਮੈਂ ਕਿੱਦਾਂ ਤੁਹਾਡੀ ਸੇਵਾ ਕਰਦਾ ਹਾਂ। ਮੇਰੇ ਹਰ ਅੰਗ ਨੂੰ ਚੰਗੀ ਤਰ੍ਹਾਂ ਸਾਫ਼ ਕਰੋ, ਗਰੀਸ ਦੀ ਵਰਤੋਂ ਕਰੋ ਜਾਂ ਫਿਰ ਤੇਲ ਨਾਲ ਵੀ ਸਾਫ਼ ਕੀਤਾ ਜਾ ਸਕਦਾ ਹੈ। ਮੇਰਾ ਹਰ ਅੰਗ ਜਦੋਂ ਲਿਸ਼ਕੇਗਾ, ਮੈਨੂੰ ਹਰ ਕੋਈ ਪਿਆਰ ਕਰੇਗਾ, ਮੈਂ ਝੱਟ ਉਸਨੂੰ ਮੰਜ਼ਿਲ ਉੱਤੇ ਪਹੁੰਚਾ ਦਿਆਂਗਾ, ਜਿਹੜਾ ਮੇਰਾ ਧਿਆਨ ਰੱਖੇਗਾ, ਪ੍ਰੰਤੂ ਇਸਦੇ ਉਲਟ ਜੋ ਮੇਰੀ ਸਾਰ ਨਹੀਂ ਲਵੇਗਾ, ਮੈਂ ਉਸਦੀ ਕੀ ਸਹਾਇਤਾ ਕਰਾਂਗਾ?

ਮੈਨੂੰ ਵੱਡੇ-ਵੱਡੇ ਕਾਰਖਾਨਿਆਂ ਵਿਚ ਤਿਆਰ ਕੀਤਾ ਜਾਂਦਾ ਹੈ। ਮੇਰਾ ਹਰ ਅੰਗ ਦੂਰ ਦੁਰਾਡੇ ਭੇਜਿਆ ਜਾਂਦਾ ਹੈ, ਸਮਝੋ ਫਿਰ ਮੈਂ ਤਿਆਰ-ਬਰ-ਤਿਆਰ ਹੋ ਕੇ ਸਜ ਜਾਂਦਾ ਹਾਂ; ਮੈਨੂੰ ਗ੍ਰਾਹਕ ਖਰੀਦ ਕੇ ਲੈ ਜਾਂਦਾ ਹੈ, ਤਾਲਾ ਮੇਰਾ ਮੁੱਖ ਅੰਗ ਹੈ ਕਿਉਂਕਿ ਤਾਲੇ ਤੋਂ ਬਿਨਾਂ ਮੈਂ ਚੋਰ ਹਾਂ, ਕੋਈ ਵੀ ਚੋਰ ਸਾਥੀ ਚੋਰ ਨੂੰ ਭਜਾ ਕੇ ਲਿਜਾ ਸਕਦਾ ਹੈ। ਮੇਰਾ ਰੰਗ ਕਾਲਾ ਅਤੇ ਲਾਲ ਹੈ। ਮੈਂ ਕਈ ਕਿਸਮਾਂ ਵਿਚ ਮਿਲਦਾ ਹਾਂ। ਮੇਰੀ ਕੀਮਤ 1500 ਤੋਂ ਲੈ ਕੇ 40000 ਰੁਪਏ ਤੱਕ ਹੈ। ਮੈਨੂੰ ਦੌੜਾਕ ਵੱਡੇ-ਵੱਡੇ ਮੈਦਾਨਾਂ ਵਿਚ ਦੌੜਾਂਦੇ ਹਨ ਅਤੇ ਭਾਰੀ ਇਨਾਮ ਜਿੱਤਦੇ ਹਨ। ਮੇਰੇ ਸਿਰ ਤੇ ਤਾਜ ਪਹਿਨਾਇਆ ਜਾਂਦਾ ਹੈ ਕਿਉਂਕਿ ਮੈਂ ਉਨ੍ਹਾਂ ਲਈ ਸਨਮਾਨ ਜੋ ਹਾਸਿਲ ਕੀਤਾ ਹੁੰਦਾ ਹੈ।

ਜਨਮ ਦਿਨ ਅਤੇ ਪਾਸ ਹੋਣ ਦੀ ਖੁਸ਼ੀ ਵਿਚ ਤੋਹਫ਼ੇ ਦੇ ਰੂਪ ਵਿਚ ਮੈਨੂੰ ਦਿੱਤਾ ਜਾਂਦਾ ਹੈ। ਭਾਵੇਂ ਅੱਜ ਵਿਗਿਆਨਕ ਯੁੱਗ ਵਿਚ ਮੇਰੀ ਕਦਰ ਘੱਟ ਰਹੀ ਹੈ ਪਰੰਤੂ ਇਹ ਘਾਟ ਮੈਂ ਮਹਿਸੂਸ ਨਹੀਂ ਕਰ ਰਿਹਾ, ਕਿਉਂਕਿ ਗਰੀਬ ਲੋਕਾਂ ਲਈ ਮੈਂ ਮਸੀਹਾ ਹਾਂ, ਜਿਨ੍ਹਾਂ ਨੂੰ ਆਪਣੀਆਂ ਮੰਜ਼ਿਲਾਂ ਤੇ ਪਹੁੰਚਾ ਰਿਹਾ ਹਾਂ ਕਿਉਂਕਿ ਉਨ੍ਹਾਂ ਨੂੰ ਮੇਰੇ ਉੱਤੇ ਪੈਟਰੋਲ ਦਾ ਖਰਚਾ ਨਹੀਂ ਕਰਨਾ ਪੈਂਦਾ, ਮੈਂ ਉਨ੍ਹਾਂ ਦੀ ਦਿਨ-ਰਾਤ ਸੇਵਾ ਕਰ ਰਿਹਾ ਹਾਂ।

ਰਾਜਿੰਦਰ ਵਰਮਾ






# ਅਸੀਂ ਕੀ ਕਰ ਰਹੇ ਹਾਂ?

ਪ੍ਰਭਜੋਤ ਸੋਹੀ

ਸਾਡੇ ਲੋਕਾਂ ਦਾ ਖਾਸ ਕਰਕੇ ਪੰਜਾਬੀਆਂ ਦਾ ਕਿਸੇ ਗੰਭੀਰ, ਸੰਜੀਦਾ ਸੁਆਲ ਦੇ ਸਨਮੁਖ ਖੜੇ ਹੋਣ ਦਾ ਮਾਦਾ ਈ ਨੀ ਰਿਹਾ ਹੁਣ। ਆਲਮੀ ਮੰਡੀ ਦੀ ਸਿਰਜੀ ਇਸ ਮਸਨੂਈ ਚਕਾਚੌਂਦ ਨੇ ਸਾਡੀ ਸੋਚ ਸਾਡੀ ਸੁਰਤ ਨੂੰ ਇਸ ਕਦਰ ਗੁਲਾਮ ਬਣਾ ਲਿਆ ਹੈ ਸੰਜੀਦਾ ਮਸਲੇ, ਗੱਲਬਾਤ ਜਾਂ ਵਰਤਾਰੇ ਤੋਂ ਅੱਖ ਬਚਾ ਕੇ ਲੰਘਣ ਦੀ ਕੋਸ਼ਿਸ਼ ਕਰਦੇ ਆਂ ਅਸੀਂ। ਹਥਿਆਰਾਂ ਦੀ ਭੱਦੀ ਨੁਮਾਇਸ਼ ਕਰਦੇ ਸਤਹੀ ਗੀਤਾਂ, ਪੇਤਲੀਆਂ ਤੇ ਦੋ ਅਰਥੀ ਸੰਵਾਦਾ ਵਾਲੀਆਂ ਫਿਲਮਾਂ ਅਤੇ ਗੰਦੇ ਨਾਚਾਂ ਤੇ ਅਸੀਂ ਕੂਕਾਂ ਚੀਖਾਂ ਮਾਰ ਮਾਰ ਕੇ ਅੰਦਰਲੇ ਖਿਲਾਅ ਨੂੰ ਭਰਨ ਦਾ ਯਤਨ ਕਰਦੇ ਕਰਦੇ ਹੋਰ ਵੀ ਖਾਲੀ ਹੋਈ ਤੁਰੇ ਜਾਨੇ ਆਂ।

ਬੁਧੂ ਬਕਸੇ ਵਾਲੀ ਡਰਿਪ ਰਾਹੀਂ ਜ਼ਹਿਰ ਲਗਾਤਾਰ ਸਾਡੀਆਂ ਧਮਣੀਆਂ 'ਚ ਧੱਕਿਆ ਜਾ ਰਿਹਾ ਹੈ ਪਰ ਅਸੀਂ ਸੰਮੋਹਨੀ ਨੀਂਦ 'ਚ ਸੁਤੇ ਅਚੇਤਨ ਹੀ ਉਹਦੇ ਵੱਲ ਝਾਕੀ ਜਾਨੇਂ ਆਂ ਤੇ ਆਪਣੇ ਆਪ ਨੂੰ ਬਜ਼ਾਰ ਦੇ ਮੇਚ ਦਾ ਕਰਨ ਦੀ ਕੋਸ਼ਿਸ਼ 'ਚ ਪਤਾ ਹੀ ਨਹੀਂ ਲੱਗਦਾ ਕਦ ਸਾਡੀ ਹੋਂਦ ਸੁੰਘੜ ਕੇ ਸਰਮਾਏਦਾਰੀ ਲਾਕਰਾਂ 'ਚ ਕੈਦ ਹੋ ਜਾਂਦੀ ਹੈ। ਜੇ ਕੋਈ ਹਰਿਉ ਬੂਟ ਸਾਨੂੰ ਝੰਜੋੜ ਕੇ ਗਹਿਰੀਆਂ ਨੀਂਦਾਂ 'ਚੋਂ ਜਗਾਉਣ ਦਾ ਯਤਨ ਕਰਦਾ ਹੈ ਤਾਂ ਸਾਨੂੰ ਵਿਉਹ ਅਰਗਾ ਲੱਗਦਾ।

ਸਮਾਜ ਅੰਦਰ ਫੈਲ ਰਹੀ ਅਰਾਜਕਤਾ, ਬੇਚੈਨੀ, ਮਾਰਧਾੜ ਅਤੇ ਕਤਲੋਗਾਰਦ ਲਈ ਸਾਡਾ ਭੜਕਾਊ ਗੀਤ ਸੰਗੀਤ, ਉਕਸਾਊ ਫਿਲਮਾਂ ਤੇ ਹਲਕੀ ਕਿਸਮ ਦਾ ਸਾਹਿਤ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੈ। ਵੱਖ-ਵੱਖ ਸੈਮੀਨਾਰਾਂ, ਸਮਾਜਿਕ ਮਿਲਣੀਆਂ, ਅਤੇ ਮਿੱਤਰ ਮੰਡਲੀਆਂ 'ਚ ਸਮਾਜ 'ਚ ਆ ਰਹੇ ਇਸ ਬੇਹੱਦ ਖਤਰਨਾਕ ਨਿਘਾਰ ਬਾਰੇ ਗੱਲਾਂ ਦੇ ਕੜਾਹ ਬਣਾਏ ਤੇ ਖਾਏ ਜਾ ਰਹੇ ਨੇ। ਆਉਣ ਵਾਲੀ ਪੀੜ੍ਹੀ ਪ੍ਰਤੀ ਚਿੰਤਾ ਦਾ ਪ੍ਰਗਟਾਵਾ ਬੜੇ ਭਾਰੇ ਤੇ ਅਲੰਕਾਰਮਈ ਸ਼ਬਦਾਂ 'ਚ ਕੀਤਾ ਜਾ ਰਿਹੈ ਪਰ ਨਤੀਜਾ ਉਹੀ ਢਾਕ ਕੇ ਤੀਨ ਪਾਤ...। ਦਰਅਸਲ ਕਿਸੇ ਵੀ ਪ੍ਰਭਾਵ ਨੂੰ ਪੇਤਲਾ ਕਰਨ ਵਾਸਤੇ ਉਸ ਨਾਲੋਂ ਵੀ ਵੱਡਾ ਪ੍ਰਭਾਵ ਸਿਰਜਣਾ ਪੈਂਦੈ। ਕਿਸੇ ਵੀ ਲਕੀਰ ਨੂੰ ਛੋਟਾ ਕਰਨ ਦੀ ਸਭ ਤੋਂ ਵਧੀਆ ਤਕਨੀਕ ਉਸ ਨਾਲੋਂ ਵੱਡੀ ਲਕੀਰ ਖਿੱਚਣਾ ਹੀ ਹੈ। ਜੇ ਪੰਜਾਬੀ ਗੀਤ ਸੰਗੀਤ ਜਾਂ ਫਿਲਮਾਂ ਦੀ ਗੱਲ ਕਰੀਏ ਤਾਂ ਪਿਛਲੇ ਸਮੇਂ 'ਚ ਵੀ ਅਤੇ ਹੁਣ ਵੀ ਕਈ ਜਾਗਦੀਆਂ ਰੂਹਾਂ, ਅਸਲੋਂ ਫਿਕਰਮੰਦ ਲੋਕ ਵੱਡੀਆਂ ਲਕੀਰਾਂ ਖਿੱਚਣ ਦੀ ਕੋਸ਼ਿਸ਼ ਕਰਦੇ ਆ ਰਹੇ ਨੇ ਤੇ ਹੁਣ ਵੀ ਕਰ ਰਹੇ ਨੇ।

ਸਮਾਜਿਕ ਸਰੋਕਾਰਾਂ ਨਾਲ ਜੁੜੀਆਂ ਫਿਲਮਾਂ ਤੇ ਅਰਥ ਭਰਪੂਰ ਗੀਤ ਵੀ ਮੰਡੀ 'ਚ ਆ ਰਹੇ ਨੇ। ਪਰ ਅਸੀਂ ਆਮ ਲੋਕ, ਅਸੀਂ ਕੀ ਕਰ ਰਹੇ ਆਂ? ਕਿਸ ਤਰ੍ਹਾਂ ਦੀ ਭੂਮਿਕਾ ਨਿਭਾ ਰਹੇ ਆਂ? ਵਿਚਾਰ ਗੋਸ਼ਟੀਆਂ 'ਚ ਵੱਡੇ ਦਮਗਜ਼ੇ ਮਾਰਨ ਵਾਲੇ, ਪ੍ਰਧਾਨਗੀਆਂ ਦੀਆਂ ਕੁਰਸੀਆਂ ਤੋੜਨ ਵਾਲੇ, ਆਥਣ ਉਗਣ ਮਾੜੀਆਂ ਫਿਲਮਾਂ, ਮਾੜੇ ਗੀਤਾਂ ਨੂੰ ਪਾਣੀ ਪੀ ਪੀ ਕੋਸਣ ਵਾਲੇ... ਕੀ ਅਸੀਂ ਚੰਗੀ ਫਿਲਮ ਦਾ ਨਿਰਮਾਣ ਕਰਨ ਵਾਲੇ ਜਾਂ ਚੰਗਾ ਗੀਤ ਲਿਖਣ ਗਾਉਣ ਵਾਲੇ ਜਾਂ ਫਿਰ ਨਰੋਏ ਸਮਾਜ ਦੀ ਸਿਰਜਣਾ ਲਈ ਯਤਨਸ਼ੀਲ ਕਿਸੇ ਸਾਹਿਤਕਾਰ ਦੀ ਹੌਸਲਾ ਅਫਜ਼ਾਈ ਕੀਤੀ? ਪਿਛਲੇ ਦਿਨੀਂ ਕਈ ਸਾਰਥਿਕ ਪੰਜਾਬੀ ਫਿਲਮਾਂ ਰਿਲੀਜ਼ ਹੋਈਆਂ ਜਿਨ੍ਹਾਂ 'ਚ ਚੌਥੀ ਕੂਟ, ਗੋਲੋ, ਕੁਦੇਸਣ ਵਰਗੀਆਂ ਹੋਰ ਵੀ ਜ਼ਿਕਰਯੋਗ ਫਿਲਮਾਂ ਹਨ ਪਰ ਇਹਨਾਂ ਨੂੰ ਕਿੰਨੇ ਕੁ ਦਰਸ਼ਕ ਨਸੀਬ ਹੋਏ? ਨਰੋਈ ਪਿਰਤ ਪਾਉਣ ਵਾਲੀਆਂ ਸਾਡੀਆਂ ਇਹਨਾਂ ਫਿਲਮਾਂ ਨੂੰ ਅੰਤਰਰਾਸ਼ਟਰੀ ਪੱਧਰ ਤੇ ਪਛਾਣ ਮਿਲਦੀ ਹੈ, ਮੇਲਿਆਂ ਤੇ ਇਨਾਮ ਸਨਮਾਨ ਮਿਲਦੇ ਹਨ ਪਰ ਘਰ 'ਚ ਅਜਿਹੀਆਂ ਫਿਲਮਾ ਦੇ ਦਰਸ਼ਕ ਆਟੇ 'ਚ ਲੂਣ ਬਰਾਬਰ ਵੀ ਨੀ ਹੁੰਦੇ।

ਗੰਦੀ ਸ਼ਬਦਾਵਲੀ ਤੇ ਗੰਦੇ ਨਾਚਾਂ ਵਾਲੀਆਂ ਉਕਸਾਊ ਫਿਲਮਾਂ ਨੂੰ ਪਰਿਵਾਰ ਸਮੇਤ ਦੇਖ ਕੇ ਤਰੱਕੀਪਸੰਦ ਹੋਣ ਦਾ ਭਰਮ ਪਾਲ ਲੈਂਦੇ ਹਾਂ। ਡਾਲਰਾਂ ਤੇ ਪੌਂਡਾਂ ਦੇ ਜ਼ੋਰ ਤੇ ਗਾਈ ਤੇ ਫਿਲਮਾਈ ਜਾ ਰਹੀ ਬੇਸੁਰੀ ਤੇ ਬੇਅਰਥੀ ਗਾਇਕੀ ਨੂੰ ਅਸੀਂ ਆਪਣੀਆਂ ਕਾਰਾਂ, ਟਰੈਕਟਰਾਂ ਤੇ ਬੜੀ ਸ਼ਾਨ ਨਾਲ ਲਾ ਕੇ ਘੁੰਮਦੇ ਆਂ ਪਰ ਸਾਹਿਤਕ ਗੀਤਾਂ ਗ਼ਜ਼ਲਾਂ, ਨਜ਼ਮਾਂ ਵੱਲ ਸਾਡਾ ਵਤੀਰਾ ਬੇਹੱਦ ਬੇਰੁੱਖੀ ਭਰਿਆ ਹੈ। ਹੁਣੇ ਜਿਹੇ ਬੌਲੀਵੁਡ ਦੀ ਫਿਲਮ ਦੇਖਣ ਦਾ ਸਬੱਬ ਬਣਿਆ। ਫਿਲਮ 'ਚ ਅਣਵਿਆਹੀਆਂ ਜੁਆਨ ਲੜਕੀਆਂ ਨੂੰ ਆਉਣ ਵਾਲੀਆਂ ਸਮਾਜਿਕ ਸਮੱਸਿਆਵਾਂ ਬਾਰੇ ਬਹੁਤ ਹੀ ਗਹਿਰਾਈ ਨਾਲ ਚਿੰਤਨ ਕੀਤਾ ਗਿਆ ਹੈ। ਘਰੋਂ ਬਾਹਰ ਰਹਿੰਦੀਆਂ ਵਰਕਿੰਗ ਗਰਲਜ਼ ਦੇ ਸ਼ੌਕ, ਕੰਮ ਦਾ ਬੋਝ, ਮਾਨਸਿਕ ਉਥਲ ਪੁਥਲ, ਉਹਨਾਂ ਪ੍ਰਤੀ ਸਮਾਜਿਕ ਨਜ਼ਰੀਆ, ਇਸਤਰੀ ਪੁਰਸ਼ਾਂ ਬਾਰੇ ਵੱਖ-ਵੱਖਰੇ ਮਾਪਦੰਢ, ਵੇਲਾ ਵਿਹਾਅ ਚੁੱਕੀਆਂ ਥੋਥੀਆਂ ਰਸਮਾਂ, ਅਜਿਹੇ ਹੋਰ ਕਈ ਸੰਜੀਦਾ ਸੁਆਲਾਂ ਦੇ ਰੂ-ਬਰੂ ਕਰ ਰਹੀ ਹੈ ਇਹ ਫਿਲਮ। ਚਾਹੀਦਾ ਤਾਂ ਇਹ ਸੀ ਕਿ ਹਰ ਇੱਕ ਜੁਆਨ ਕੁੜੀ ਦੇ ਮਾਪੇ ਪਰਿਵਾਰ ਸਮੇਤ ਇਹ ਫਿਲਮ ਦੇਖਦੇ ਪਰ ਹਾਲ ਵਿੱਚ ਦਰਸ਼ਕਾਂ ਦੀ ਥਾਂ ਤੇ ਖਾਲੀ ਕੁਰਸੀਆਂ ਹੀ ਅਜੋਕੇ ਸਮਾਜ ਦੀ ਨਿਘਰ ਰਹੀ ਸੋਚ ਨੂੰ ਕੋਸ ਰਹੀਆਂ ਸਨ।

ਸਿਰਫ ਤੇ ਸਿਰਫ ਮੁਨਾਫੇ ਤੇ ਅਧਾਰਿਤ ਇਸ ਉਦਯੋਗ ਨੇ ਸਾਡੀ ਸੋਚ, ਸੁਰਤ ਤੇ ਸੁਹਜ ਸੁਆਦ ਚ ਅਜਿਹੀ ਤਬਦੀਲੀ ਲਿਆ ਦਿਤੀ ਹੈ ਕਿ ਅਸੀਂ ਸਾਡੇ ਨਾਲ ਸਿੱਧੇ ਸਬੰਧਿਤ ਸੁਆਲਾਂ ਦੇ ਸਨਮੁੱਖ ਹੋਣੇ ਡਰਨ ਲੱਗ ਪਏ ਹਾਂ। ਮਨੋਰੰਜਨ ਦੇ ਨਾਂ ਹੇਠ ਸਾਡੇ ਨੇਤਰਾਂ ਸ੍ਰੋਤਰਾਂ ਲਈ ਕੂੜ ਕਬਾੜ ਪਰੋਸਿਆ ਜਾ ਰਿਹੇ ਤੇ ਅਸੀਂ ਝੂਮ ਰਹੇ ਹਾਂ। ਜਿੰਨੀ ਦੇਰ ਸਾਡੇ ਸੁਹਜ ਸੁਅਦ ਵਿੱਚ ਤਬਦੀਲੀ ਨਹੀਂ ਆਉਂਦੀ ਤੇ ਅਸੀਂ ਅਜਿਹੇ ਨੀਵੇਂ ਦਰਜੇ ਦੇ ਗੀਤ ਸੰਗੀਤ ਤੇ ਫਿਲਮਾਂ ਨੂੰ ਨਹੀਂ ਨਕਾਰਦੇ ਓਨੀ ਦੇਰ ਬਲਾਤਕਾਰ, ਮਾਰਧਾੜ, ਖੋਹਖਿੱਚ, ਕਤਲੋਗਾਰਦ ਖ਼ਤਮ ਨਹੀਂ ਹੋ ਸਕਦੀ ਤੇ ਨਾਂ ਹੀ ਸਿਹਤਮੰਦ ਸਮਾਜ ਦੀ ਸਿਰਜਣਾ ਹੋ ਸਕਦੀ ਹੈ। ਸਲਾਮ ਹੈ ਅਜਿਹੇ ਯੋਧਿਆਂ ਨੂੰ ਜੋ ਇਹਨਾਂ ਗੰਧਲੇ ਪਾਣੀਆਂ ਨੂੰ ਸਾਫ ਕਰਨ ਲੱਗੇ ਹੋਏ ਹਨ ਤੇ ਲਗਾਤਾਰ ਉਸਾਰੂ ਤੇ ਸਿਹਤਮੰਦ ਸਾਹਿਤ, ਗੀਤ ਸੰਗੀਤ ਤੇ ਫਿਲਮਾਂ ਦਾ ਨਿਰਮਾਣ ਕਰ ਰਹੇ ਨੇ।

ਮੋ. 98761-34028

Scanned with CamScanner

ਈਸ਼ਰ ਆ, ਦਲਿੱਦਰ ਜਾ,
ਦਲਿੱਦਰ ਦੀ ਜੜ੍ਹ ਚੁੱਲੇ ਪਾ!
ਸਭ ਨੂੰ ਲੋਹੜੀ ਦੀ ਵਧਾਈ ਹੋਵੇ।

# ਖੁਸ਼ੀਆਂ ਅਤੇ ਚਾਵਾਂ ਦਾ ਪ੍ਰਤੀਕ ਲੋਹੜੀ ਅਤੇ ਮਾਘੀ ਤੇ ਵਿਸ਼ੇਸ਼

ਇਸ ਸਪਲੀਮੈਂਟ ਵਿਚ ਸਹਿਯੋਗ ਦੇਣ ਵਾਲੇ ਸੱਜਣਾ ਮਿੱਤਰਾਂ ਦਾ ਹਾਰਦਿਕ ਧੰਨਵਾਦ।
ਵੱਲੋਂ - ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ 'ਮਹਿਕ ਵਤਨ ਦੀ ਲਾਈਵ') ਸੰਪਰਕ : 9988 92 9988



ਪ੍ਰੋ. (ਡਾ.) ਐਸ.ਪੀ. ਸਿੰਘ ਓਬਰਾਏ
ਮੈਨੇਜਿੰਗ ਟਰੱਸਟੀ
ਸਰਬੱਤ ਦਾ ਭਲਾ
ਚੈਰੀਟੇਬਲ ਟਰੱਸਟ (ਰਜਿ.)
ਮਾਨਵਤਾ ਦੀ ਸੇਵਾ ਨੂੰ ਸਮਰਪਿਤ!

ਦੇਸ਼-ਵਿਦੇਸ਼ਾ ਵਿੱਚ ਵਸਦੇ ਸਮੂੰਹ
ਪੰਜਾਬੀਆਂ ਨੂੰ ਖੁਸ਼ੀਆਂ ਅਤੇ
ਚਾਵਾਂ ਦੇ ਤਿਉਹਾਰ
ਲੋਹੜੀ ਅਤੇ ਮਾਘੀ
ਦੀਆਂ ਲੱਖ-ਲੱਖ ਮੁਬਾਰਕਾਂ ਹੋਵਨ ਜੀ!

SARBAT DA BHALA
ਸਰਬੱਤ ਦਾ ਭਲਾ

## SUNNY OBEROI
**CLINICAL LAB & DIAGNOSTIC CENTRE**

ਸਾਰੇ ਟੈਸਟ ਸਿਰਫ ਲਾਗਤ ਰੇਟਾਂ ਤੇ
ਉੱਚ ਤਕਨੀਕ ਨਾਲ ਤੇ ਤਜ਼ਰਬੇਕਾਰ
ਮਾਹਿਰ ਵੱਲੋਂ ਕੀਤੇ ਜਾਂਦੇ ਹਨ।

ਲੈਬ ਦਾ ਸੰਪਰਕ ਨੰ.: 01636-234374
98556-00904, 73555-25509


ਹਰਜਿੰਦਰ ਸਿੰਘ ਚੁਗਾਵਾਂ
ਚੇਅਰਮੈਨ


ਮਹਿੰਦਰ ਪਾਲ ਲੂੰਬਾ
ਪ੍ਰਧਾਨ


ਹਰਭਿੰਦਰ ਸਿੰਘ ਜਾਨੀਆ
ਸੀਨੀ. ਮੀਤ ਪ੍ਰਧਾਨ


ਅਵਤਾਰ ਸਿੰਘ ਘੋਲੀਆ
ਮੀਤ ਪ੍ਰਧਾਨ


ਗੋਕਲ ਚੰਦ ਬੁੱਘੀਪੁਰਾ
ਖਜ਼ਾਨਚੀ


ਰਣਜੀਤ ਸਿੰਘ ਧਾਲੀਵਾਲ
ਜਰਨਲ ਸਕੱਤਰ


ਭਵਨਦੀਪ ਸਿੰਘ ਪੁਰਬਾ
ਪ੍ਰੈਸ ਸਕੱਤਰ


ਗੁਰਸੇਵਕ ਸਿੰਘ ਸੰਨਿਆਸੀ
ਮੁੱਖ ਸਲਾਹਕਾਰ


ਇਕਬਾਲ ਸਿੰਘ ਖੋਸਾ
ਐਗਜੈਕਟਿਵ ਮੈਂਬਰ


ਸੁਖਦੇਵ ਸਿੰਘ ਬਰਾੜ
ਐਗਜੈਕਟਿਵ ਮੈਂਬਰ


ਕਰਮਜੀਤ ਕੌਰ ਘੋਲੀਆ
ਐਗਜੈਕਟਿਵ ਮੈਂਬਰ


ਗੁਰਬਚਨ ਸਿੰਘ ਗਗੜਾ
ਐਗਜੈਕਟਿਵ ਮੈਂਬਰ


ਦਵਿੰਦਰਜੀਤ ਸਿੰਘ ਗਿੱਲ
ਐਗਜੈਕਟਿਵ ਮੈਂਬਰ


ਜਗਤਾਰ ਸਿੰਘ ਜਾਨੀਆਂ
ਐਗਜੈਕਟਿਵ ਮੈਂਬਰ


ਦਰਸ਼ਨ ਸਿੰਘ ਲੋਪੋ
ਐਗਜੈਕਟਿਵ ਮੈਂਬਰ


ਮੈਡਮ ਨਰਜੀਤ ਕੌਰ
ਦਫ਼ਤਰ ਸਕੱਤਰ


ਜਸਵੀਰ ਕੌਰ
ਦਫਤਰ ਇੰਚਾਰਜ


ਜਸਵੰਤ ਸਿੰਘ ਪੁਰਾਣੇ ਵਾਲਾ
ਵਲੰਟੀਅਰ

Scanned with CamScanner

ਦੇਸ਼-ਵਿਦੇਸ਼ਾ ਵਿੱਚ ਵਸਦੇ ਸਮੂੰਹ ਪੰਜਾਬੀਆਂ ਨੂੰ ਲੋਹੜੀ ਅਤੇ ਮਾਘੀ ਦੇ ਪਵਿੱਤਰ ਦਿਹਾੜੇ ਦੀਆਂ ਲੱਖ-ਲੱਖ ਮੁਬਾਰਕਾਂ ਹੋਵਨ ਜੀ !



# ਕੈਲੰਡਰ, ਜੰਤਰੀ, ਡਾਇਰੀ, ਮੈਗਜੀਨ, ਪੁਸਤਕਾਂ ਛਪਵਾਉਣ ਅਤੇ ਪਬਲਿਸ਼ ਕਰਵਾਉਣ ਲਈ ਸੰਪਰਕ ਕਰੋ:

International
ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
ਮਹਿਕ ਵਤਨ ਦੀ
'Mehak Watan Di Live' • ਲਾਈਵ

# 9988-92-9988

ਮੋਗਾ ਅਤੇ ਜਲੰਧਰ

Scanned with CamScanner